ਸੀਨੀਅਰ ਮੰਡਲ ਵਾਣਿਜ ਪ੍ਰਬੰਧਕ/ ਜਨਰਲ, ਉਤਰ ਰੇਲਵੇ, ਦਿੱਲੀ ਮੰਡਲ, ਨਵੀਂ ਦਿੱਲੀ ਹੇਠਾਂ ਲਿਖਤ ਰੇਲਵੇ ਸਟੇਸ਼ਨਾਂ/ ਸਥਾਨਾਂ ਤੇ ਖਾਨਪਾਨ ਇਕਾਈਆਂ ਲਈ ਸਾਧਾਰਨ ਲਘੂ ਇਕਾਈਆਂ (GMU) ਅਤੇ ਵਿਸ਼ੇਸ਼ ਲਘੂ ਇਕਾਈਆਂ (SMU) ਅਤੇ ਟ੍ਰੇਨ ਸਾਈਡ ਵੈਂਡਿੰਗ (TSV) ਦੇ ਕਾਂਟਰੈਕਟਾਂ ਦੇ ਅਲਾਟਮੈਂਟ ਦੇ ਲਈ ਦੇ ਆਈਆਰਈਪੀਐਸ (https://ireps.gov.in/) ਤੇ ਦੇ ਮਾਧਿਅਮ ਨਾ

ਮਿੰਨੀ ਕਹਾਣੀ

ਵਧਾਈ



ਵਿਆਹ ਦੇ ਕਈ ਸਾਲਾਂ ਪਿੱਛੋਂ ਮੇਰੇ ਘਰ ਪੁੱਤਰ ਨੇ ਜਨਮ ਲਿਆ ਸੀ। ਮੇਰੇ ਗੁਆਂਢੀ ਤੇ ਪਿੰਡ ਦੇ ਹੋਰ ਲੋਕ ਮੇਰੇ ਘਰ ਪੁੱਤਰ ਦੇ ਜਨਮ ਦੀਆਂ ਵਧਾਈਆਂ ਦੇਣ ਆ ਰਹੇ ਸਨ। ਪਰ ਮੇਰਾ ਗੁਆਂਢੀ ਪਰਮਜੀਤ, ਜਿਸ ਦੇ ਘਰ ਦਾ ਗੇਟ ਮੇਰੇ ਘਰ ਦੇ ਗੇਟ ਬਿਲਕੁਲ ਸਾਮ੍ਹਣੇ ਹੈ, ਵਧਾਈ ਦੇਣ ਨਾ ਆਇਆ। ਇਕ ਦਿਨ ਜਦੋਂ ਮੈਂ ਸਕੂਲ ਜਾਣ ਲਈ ਆਪਣੇ ਘਰ ਦੇ ਗੇਟ ਤੋਂ ਬਾਹਰ ਨਿਕਲਣ ਲੱਗਾ ਤਾਂ ਮੇਰੀ ਨਜ਼ਰ ਪਰਮਜੀਤ 'ਤੇ ਪੈ ਗਈ, ਜੋ ਆਪਣੇ ਘਰ ਤੋਂ ਬਾਹਰ ਖੜ੍ਹਾ ਸੀ।

'ਪਰਮਜੀਤ ਕੀ ਹਾਲ ਆ? ਤੂੰ ਮੈਨੂੰ ਵਧਾਈ ਦੇਣ ਵੀ ਨਹੀਂ ਆਇਆ, ਕੀ ਗੱਲ ਆ?' ਮੈਂ ਉਸ ਨੂੰ ਇੱਕੋ ਸਾਹੇ ਕਈ ਸਵਾਲ ਕਰ ਦਿੱਤੇ।

ਆਪਣੇ ਅੰਦਰ ਦੱਬੇ ਲਾਵੇ ਨੂੰ ਬਾਹਰ ਕੱਢਦਾ ਹੋਇਆ ਉਹ ਬੋਲਿਆ, 'ਮਾਸਟਰ ਜੀ, ਮੇਰਾ ਵੱਡਾ ਪੁੱਤ ਪਿੰਡ ਦੇ ਸਰਕਾਰੀ ਹਾਈ ਸਕੂਲ ਵਿਚ ਦਸਵੀਂ 'ਚ ਪੜ੍ਹਦਾ ਸੀ। ਮਾੜੇ ਮੁੰਡਿਆਂ ਦੀ ਸ਼ਹਿ ਤੇ ਉਹ ਇੱਥੋਂ ਲਾਗਲੇ ਪਿੰਡ ਦੇ ਸਕੂਲ ਵਿਚ ਪੜ੍ਹਨ ਲਈ ਸਰਟੀਫਿਕੇਟ ਲੈ ਗਿਆ ਪਰ ਉਹ ਉੱਥੇ ਵੀ ਨਾ ਪੜ੍ਹਿਆ। ਮਾੜੇ ਮੁੰਡਿਆਂ ਦੀ ਸੰਗਤ ਵਿਚ ਪੈ ਕੇ ਉਹ ਨਸ਼ੇ ਕਰਨ ਕਰਨ ਲੱਗ ਪਿਆ ਆ। ਘਰ ਦੀ ਜੋ ਚੀਜ਼ ਉਸ ਨੂੰ ਦਿਸਦੀ ਆ, ਵੇਚਣ ਤੁਰ ਪੈਂਦਾ ਆ। ਕਿਸੇ ਨਾ ਕਿਸੇ ਬਹਾਨੇ ਨਸ਼ਾ ਕਰਨ ਲਈ ਪੈਸੇ ਮੰਗਦਾ ਰਹਿੰਦਾ। ਮੈਨੂੰ ਰੱਜ ਕੇ ਗਾਲ੍ਹਾਂ ਕੱਢਦਾ। ਮੋਟਰਸਾਈਕਲ ਲੈ ਕੇ ਪਤਾ ਨਹੀਂ ਕਿੱਥੇ ਕਿੱਥੇ ਘੁੰਮਦਾ ਰਹਿੰਦਾ। ਉਹਦਾ ਕਰਕੇ ਮੈਂ ਫ਼ੌਜ ਦੀ ਨੌਕਰੀ ਵੀ ਛੱਡ ਕੇ ਆ ਗਿਆਂ। ਮੈਂ ਤਾਂ ਉਹਦੇ ਵੱਲੋਂ ਬੜਾ ਤੰਗ ਆਂ।

ਹਰ ਵੇਲੇ ਪਰੇਸ਼ਾਨ ਰਹਿੰਦਾਂ। ਹਰ ਵੇਲੇ ਡਰ ਲੱਗਾ ਰਹਿੰਦਾ ਕਿ ਕਿਤੇ ਕੁਝ ਕਰ ਕੇ ਨਾ ਆ ਜਾਵੇ। ਇਸੇ ਕਰਕੇ ਮੈਂ ਤੁਹਾਨੂੰ ਵਧਾਈ ਦੇਣ ਨਹੀਂ ਆਇਆ। ਰੱਬ ਇਹੋ ਜਹੇ ਪੁੱਤ ਨਾ ਕਿਸੇ ਨੂੰ ਦੇਵੇ। ਰੱਬ ਨੇ ਤਹਾਨੂੰ ਪੁੱਤਰ ਦੀ ਦਾਤ ਬਖਸ਼ੀ ਆ, ਬਹੁਤ ਖ਼ੁਸ਼ੀ ਦੀ ਗੱਲ ਆ।

ਇਹ ਵੱਡਾ ਹੋ ਕੇ ਚੰਗੇ ਕੰਮ ਕਰੇ, ਮਾੜੀ ਸੰਗਤ ਤੋਂ ਬਚ ਕੇ ਰਹੇ, ਮੇਰੀ ਰੱਬ ਅੱਗੇ ਇਹੋ ਦੁਆ ਆ। ਮੈਂ ਉਸ ਦੀਆਂ ਗੱਲਾਂ ਸੁਣ ਕੇ ਆਪਣੇ ਪੁੱਤਰ ਦੇ ਭਵਿੱਖ ਨੂੰ ਲੈ ਕੇ ਗਭੀਰ ਚਿੰਤਾ ਵਿਚ ਡੁੱਬ ਗਿਆ।

● ਮਹਿੰਦਰ ਸਿੰਘ ਮਾਨ
ਮੋਬਾਈਲ : 99158-03554



ਪ੍ਰੀਤਮ ਲੁਧਿਆਣਵੀ
ਮੋਬਾਈਲ : 98764-28641

ਲੋਕ-ਦਿਲਾਂ 'ਚ ਵੱਸਣ ਵਾਲਾ
ਧਿਆਨ ਸਿੰਘ ਸ਼ਾਹ ਸਿਕੰਦਰ

ਧਿਆਨ ਸਿੰਘ ਕੋਲ ਕਲਮ ਰੂਪੀ ਅਸਲਾ ਹੈ, ਜਿਸ ਨਾਲ ਉਹ ਲੋਕ-ਦਿਲਾਂ ਨੂੰ ਜਿੱਤਦੇ ਹੋਏ ਉਨ੍ਹਾਂ ਨੂੰ ਕਹਿਰਾਂ ਦੀ ਠੰਡਕ, ਤਾਜ਼ਗੀ ਤੇ ਗਿਆਨ ਵਰਤਾਉਂਦੇ, ਪੰਜਾਬੀ-ਮਾਂ ਬੋਲੀ ਨੂੰ ਸ਼ਿੰਗਾਰਦੇ, ਪਿੱਛਲੇ ਕਈ ਦਹਾਕਿਆਂ ਤੋਂ ਸ਼ੁਹਰਤ ਖੱਟਦੇ ਚਲੇ ਆ ਰਹੇ ਹਨ...

ਇਸ ਮਾਤ-ਲੋਕ ਵਿਚ ਉਹ ਸਿਰਜਣਹਾਰ ਤਰ੍ਹਾਂ-ਤਰ੍ਹਾਂ ਦੀਆਂ ਰੂਹਾਂ ਨੂੰ ਅੱਡੋ-ਅੱਡਰੀਆਂ ਡਿਊਟੀਆਂ ਲਾ ਕੇ ਭੇਜਦਾ ਹੈ। ਇਨ੍ਹਾਂ ਵਿਚ ਕੁਝ ਇਕ ਰੂਹਾਂ ਐਸੀਆਂ ਵੇਖਣ ਨੂੰ ਮਿਲਦੀਆਂ ਹਨ, ਜਿਹੜੀਆਂ ਕਿ ਆਪਣਾ ਸਾਰਾ ਜੀਵਨ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿਚ ਹੀ ਲਗਾ ਦਿੰਦੀਆਂ ਹਨ। ਕਲਾ ਅਤੇ ਪੰਜਾਬੀ ਮਾਂ-ਬੋਲੀ ਨੂੰ ਸਮਰਪਿਤ ਇਨ੍ਹਾਂ ਵਿਰਲੀਆਂ ਸ਼ਖ਼ਸੀਅਤਾਂ ਵਿਚ ਹੀ ਅਦਬ-ਸਤਿਕਾਰ ਨਾਲ ਲਿਆ ਜਾਣ ਵਾਲਾ ਇਕ ਨਾਂ ਹੈ, ਧਿਆਨ ਸਿੰਘ ਸ਼ਾਹ ਸਿਕੰਦਰ। ਸਾਹਿਤਕ ਹਲਕਿਆਂ ਦੇ ਸ਼ਾਹ ਧਿਆਨ ਸਿੰਘ ਸ਼ਾਹ ਸਿਕੰਦਰ ਦਾ ਜਨਮ 1936 ਵਿਚ ਹੋਇਆ। ਪਿਤਾ ਮੁਨਸ਼ਾ ਸਿੰਘ ਅਤੇ ਮਾਤਾ ਸਵਰਨ ਕੌਰ ਦੇ ਲਾਡਲੇ ਧਿਆਨ ਸਿੰਘ ਨੂੰ ਪੜ੍ਹਾਈ ਦੀ ਸਮਾਪਤੀ ਉਪਰੰਤ ਸਿੱਖਿਆ ਵਿਭਾਗ ਵਿਚ ਅਧਿਆਪਕ ਦੀ ਸਰਕਾਰੀ ਨੌਕਰੀ ਮਿਲ ਗਈ, ਜਿਸ ਵਿੱਚੋਂ ਉਹ ਸੇਵਾ ਪੂਰੀ ਕਰਨ ਉਪਰੰਤ ਬੜੀ ਸ਼ਾਨੋ-ਸ਼ੌਕਤ ਨਾਲ ਲੈਕਚਰਰ ਪੰਜਾਬੀ ਦੇ ਅਹੁੱਦੇ ਤੋਂ ਸੇਵਾ-ਮੁਕਤ ਹੋਏ।

ਸ਼ਾਹ ਸਿਕੰਦਰ ਦਾ ਪੰਜਾਬੀ ਮਾਂ-ਬੋਲੀ ਪ੍ਰਤੀ ਠਾਠਾਂ ਮਾਰਦਾ ਇਹ ਗਹਿਰਾ ਲਗਾਓ ਹੀ ਸੀ, ਜਿਸ ਨੇ ਉਨ੍ਹਾਂ ਨੂੰ 'ਰੂਪਾਂਤਰ' ਨਾਂ ਦਾ ਮੈਗਜ਼ੀਨ ਚਲਾਉਣ ਲਈ ਮਜਬੂਰ ਕੀਤਾ। ਪਿਛਲੇ ਲਗਪਗ ਢਾਈ ਦਹਾਕਿਆਂ ਤੋਂ ਸ਼ੁਰੂ ਕੀਤਾ ਇਹ ਮੈਗਜ਼ੀਨ ਨਵੀਆਂ-ਪੁਰਾਣੀਆਂ ਕਲਮਾਂ, ਸੁਰਾਂ, ਆਵਾਜ਼ਾਂ ਅਤੇ ਹੋਰ ਤਰ੍ਹਾਂ-ਤਰ੍ਹਾਂ ਦੀ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਸਮੱਰਗੀ ਨਾਲ ਦਸਤਕ ਦਿੰਦਾ ਲਗਾਤਾਰ ਪਾਠਕਾਂ ਦੇ ਹੱਥਾਂ ਤਕ ਪਹੁੰਚ ਰਿਹਾ ਹੈ। ਸ਼ਾਹ ਸਿਕੰਦਰ ਦੀਆਂ ਮੌਲਿਕ ਕਿਰਤਾਂ ਵੱਲ ਵੇਖੀਏ ਤਾਂ ਉਹ ਜਿੱਥੇ, 'ਜਿੰਦ' ਕਾਵਿ-ਸੰਗ੍ਰਹਿ (ਦੋ ਐਡੀਸ਼ਨ), 'ਕਾਵਿ-ਰੂਪ ਦੋਹੜਾ' (ਇਕ ਖੋਜ, ਤਿੰਨ ਐਡੀਸ਼ਨ), 'ਰੌਸ਼ਨੀਆਂ ਦਾ ਦੇਸ਼' (ਵਲੈਤ ਫੇਰੀ), 'ਤਾਈ ਮਤਾਬੀ ਤੇ ਹੋਰ ਕਹਾਣੀਆਂ' (ਕਹਾਣੀ ਸੰਗ੍ਰਹਿ) ਅਤੇ 'ਤਾ ਕਿ ਸਨਦ ਰਹੇ' (ਰੂਪਾਂਤਰ ਦੇ ਸੰਪਾਦਕੀਆਂ ਦਾ ਸੰਗ੍ਰਹਿ) ਆਦਿ ਆਪਣੀਆਂ ਮੌਲਿਕ ਕਿਰਤਾਂ ਨਾਲ ਪੰਜਾਬੀ ਮਾਂ-ਬੋਲੀ ਦੀ ਝੋਲੀ ਮਾਲੋ-ਮਾਲ ਕਰਨ ਵਿਚ ਯੋਗਦਾਨ ਪਾ ਚੁੱਕੇ ਹਨ।

ਉਨ੍ਹਾਂ ਦੇ ਸੰਪਾਦਨ ਕਾਰਜ ਵਿਚ 'ਦੋਹੜੇ ਰਾਹੀ ਦੇ', 'ਫ਼ੱਕਰਨਾਮਾ', 'ਬੀਰ ਤੇ ਉਹਦੀਆਂ ਕਹਾਣੀਆਂ" ਅਤੇ 'ਪ੍ਰਲੋਕ ਦਾ ਭਰਮ ਮੰਥਨ' ਵਿਸ਼ੇਸ਼ ਵਰਣਨ ਯੋਗ ਹਨ। ਜਿਵੇਂ ਯੋਧੇ 'ਸਿਕੰਦਰ ਮਹਾਨ' ਨੇ ਸੂਰਬੀਰ, ਬਹਾਦਰ, ਦਲੇਰ ਅਤੇ ਨਿੱਡਰ ਯੋਧਾ ਹੋਣ ਦਾ ਵਿਸ਼ਵ-ਜੇਤੂ ਰਿਕਾਰਡ ਕਾਇਮ ਕਰ ਵਿਖਾਇਆ ਸੀ, ਬਿਲਕੁਲ ਉਵੇਂ ਹੀ ਸਾਹਿਤਕ ਹਲਕਿਆਂ ਵਿਚ ਧਾਕ ਜਮਾਈ ਹੈ ਧਿਆਨ ਸਿੰਘ ਸ਼ਾਹ ਸਿਕੰਦਰ ਨੇ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ 'ਸਿਕੰਦਰ ਮਹਾਨ' ਕੋਲ ਫ਼ੌਜੀ ਤਾਕਤ ਅਤੇ ਜੰਗ ਦਾ ਸਾਰਾ ਅਸਲਾ ਸੀ, ਉਹ ਆਪਣੇ ਜ਼ੋਰ ਦੇ ਬਲ-ਬੂਤੇ ਸ਼ਹਿਰਾਂ, ਸੂਬਿਆਂ ਅਤੇ ਦੇਸ਼ਾਂ ਨੂੰ ਜਿੱਤਦਾ ਸੀ।

ਸਿਕੰਦਰ ਦੇਸ਼ਾਂ ਨੂੰ ਜਿੱਤਦਾ ਵਿਸ਼ਵ-ਪ੍ਰਸਿੱਧੀ ਤਾਂ ਜ਼ਰੂਰ ਖੱਟ ਗਿਆ ਪਰ ਮਨੁੱਖਤਾ ਦਾ ਘਾਣ ਕਰਦਿਆਂ ਦੁਖਿਆਰੀ ਜਨਤਾਂ ਤੋਂ ਬਦ-ਅਸੀਸਾਂ ਖੱਟਦਾ ਗਿਆ, ਜਦ ਕਿ ਦੂਜੇ ਪਾਸੇ ਧਿਆਨ ਸਿੰਘ ਕੋਲ ਕਲਮ ਰੂਪੀ ਅਸਲਾ



ਹੈ, ਜਿਸ ਨਾਲ ਉਹ ਲੋਕ-ਦਿਲਾਂ ਨੂੰ ਜਿੱਤਦੇ ਹੋਏ ਉਨ੍ਹਾਂ ਨੂੰ ਕਹਿਰਾਂ ਦੀ ਠੰਡਕ, ਤਾਜ਼ਗੀ ਅਤੇ ਗਿਆਨ ਵਰਤਾਉਂਦੇ, ਪੰਜਾਬੀ-ਮਾਂ ਬੋਲੀ ਨੂੰ ਸ਼ਿੰਗਾਰਦੇ, ਪਿੱਛਲੇ ਕਈ ਦਹਾਕਿਆਂ ਤੋਂ ਸ਼ੁਹਰਤਾਂ ਖੱਟਦੇ ਚਲੇ ਆ ਰਹੇ ਹਨ। ਧਿਆਨ ਸਿੰਘ ਸ਼ਾਹ ਸਿਕੰਦਰ ਨੂੰ ਮਿਲੇ ਮਾਣ-ਸਨਮਾਨਾਂ ਦੀ ਗੱਲ ਕਰੀਏ ਤਾਂ ਉਹ ਇਕ ਲੰਬੀ ਸੂਚੀ ਵੇਖਣ ਨੂੰ ਮਿਲਦੀ ਹੈ, ਜਿਸ ਵਿਚ ਵਿਸ਼ੇਸ਼ ਵਰਣਨ ਯੋਗ ਹਨ, 2005 ਤੇ 2008 ਵਿਚ ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ, ਈਸਟ ਲੰਡਨ (ਯੂਕੇ) ਤੋਂ ਮਿਲਿਆ ਸਨਮਾਨ, 'ਪ੍ਰੋ. ਮੋਹਣ ਸਿੰਘ ਯਾਦਗਾਰੀ ਪੁਰਸਕਾਰ-2010, ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਪੁਰਸਕਾਰ-2012 ਅਤੇ ਪੰਜਾਬੀ ਸੱਥ ਲਾਂਬੜਾ ਵੱਲੋਂ ਮਿਲਿਆ ਪੁਰਸਕਾਰ ਆਦਿ ਸ਼ਾਮਲ ਹਨ।

ਇੰਟਰਨੈਸ਼ਨਲ ਪੰਜਾਬੀ ਸਾਹਿਤ ਸਭਾ, ਦੀਨਾਨਗਰ (ਗੁਰਦਾਸਪੁਰ) ਵੱਲੋਂ ਧਿਆਨ ਸਿੰਘ ਸ਼ਾਹ ਸਿਕੰਦਰ ਦੇ ਜਨਮ-ਦਿਹਾੜੇ ਨੂੰ ਹਰ ਸਾਲ, 'ਮੇਲਾ ਕਵੀਆਂ ਦਾ' ਦੇ ਨਾਂ ਹੇਠ ਮਨਾਇਆ ਜਾਣਾ, ਜਿੱਥੇ ਸਾਹਿਤਕਾਰਾਂ, ਕਵੀਆਂ, ਗਾਇਕਾਂ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰੇਮੀਆਂ ਦੀ ਉਨ੍ਹਾਂ ਪ੍ਰਤੀ ਸਤਿਕਾਰਤ ਭਾਵਨਾਵਾਂ ਦਾ ਇਕ ਮੁੱਹ ਬੋਲਦਾ ਸਬੂਤ ਹੈ, ਉੱਥੇ ਇਸ ਮਾਣ-ਮੱਤੀ ਕਲਮ ਵਲੋਂ 'ਸਾਹਿਤਕ ਖੇਤਰ ਦਾ ਸ਼ਾਹ ਸਿਕੰਦਰ' ਹੋਣ ਦਾ ਵੀ ਇਕ ਬਹੁਤ ਵੱਡਾ ਪ੍ਰਮਾਣ ਹੈ।

ਇਸ ਸਮਾਗਮ 'ਚ ਨਾ ਸਿਰਫ਼ ਪੰਜਾਬ ਵਿੱਚੋਂ ਹੀ ਬਲਕਿ ਪੰਜਾਬ ਤੋਂ ਬਾਹਰ ਵਸਦੇ ਵੀ ਕਵੀ, ਗੀਤਕਾਰ, ਸੰਗੀਤਕਾਰ, ਪੱਤਰਕਾਰ ਅਤੇ ਸ਼ਾਹ ਸਿਕੰਦਰ ਦੇ ਪ੍ਰਸ਼ੰਸਕ ਹੁਮ-ਹੁਮਾਕੇ ਹਿੱਸਾ ਲੈਣ ਲਈ ਪੁੱਜਦੇ ਹਨ। ਹਾਜ਼ਰ ਕਵੀ ਆਪੋ-ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਨਾਲ ਐਸਾ ਰੰਗ ਬੰਨਦੇ ਹਨ ਕਿ ਇਕ ਵਾਰ ਤਾਂ ਦੇਖਣ ਵਾਲਾ ਹੀ ਹੁੰਦਾ ਹੈ ਇਹ ਖ਼ੂਬਸੂਰਤ ਨਜ਼ਾਰਾ। ਇਸ ਮੇਲੇ ਵਿਚ ਆਏ ਕਵੀਆਂ ਨੂੰ ਪੂਰਾ ਆਦਰ-ਮਾਣ, ਸਤਿਕਾਰ ਅਤੇ ਸਨਮਾਨ ਦਿੱਤਾ ਜਾਂਦਾ ਹੈ।

ਧਿਆਨ ਸਿੰਘ ਸਾਹ ਸਿਕੰਦਰ ਆਪਣੀ ਖ਼ੁਸ਼ਹਾਲ ਹਯਾਤੀ ਦੇ ਅੱਠ ਦਹਾਕਿਆਂ ਦਾ ਸਫ਼ਰ ਤਹਿ ਕਰ ਚੁੱਕਾ ਹੈ। ਸ਼ਾਲਾ! ਆਪਣੀ ਕਲਮ ਦੇ ਬੱਲਬੂਤੇ ਲੋਕ-ਦਿਲਾਂ 'ਤੇ ਰਾਜ ਕਰਨ ਵਾਲਾ ਸ਼ਾਹ ਸਿਕੰਦਰ ਆਪਣੀ ਕਲਮ ਰਾਹੀਂ ਵਿਸ਼ਵ ਨੂੰ ਆਪਣੇ ਕਲਮੀ-ਕਲਾਵੇ ਵਿਚ ਲੈਂਦਾ ਸ਼ੁਹਰਤਾਂ ਖੱਟਦਾ, ਯੁੱਗਾਂ ਜਿੰਨੀ ਉਮਰ ਦਾ ਹਾਣੀ ਬਣੇ।

ਗ਼ਜ਼ਲ

ਚੋਣਾਂ ਦਾ ਅੱਜ ਫੇਰ ਨਜ਼ਾਰਾ ਵੇਖਾਂਗੇ।
ਅੱਜ ਦੰਗਲ ਸਾਰੇ ਦਾ ਸਾਰਾ ਵੇਖਾਂਗੇ।

ਵੋਟ ਦੇ ਵਣਜ 'ਚ ਕਿਹੜਾ ਖੱਟੀ ਖਟਦਾ ਹੈ?
ਕਿਸ ਨੂੰ ਪੈਂਦੈ ਵੋਟ-ਕਮਾਰਾ ਵੇਖਾਂਗੇ।

ਇਸ ਵਿਚ ਅਸਲੀ ਨਾਗ, ਅਸਲ ਵਿਚ ਹੈ ਕਿ ਨਹੀਂ,
ਐ ਜੋਗੀ, ਅੱਜ ਤੇਰਾ ਪਟਾਰਾ ਵੇਖਾਂਗੇ।

ਝੀਲ ਵੀ ਸਾਗਰ ਵਾਂਗੂ ਬਿਫ਼ਰੀ ਫਿਰਦੀ ਹੈ,
ਇਸ ਵਿਚ ਤਰਦੈ ਕਿਦ੍ਹਾਂ ਸ਼ਿਕਾਰਾ, ਵੇਖਾਂਗੇ?

ਤੇਰੀ ਡਾਂਗ 'ਚ ਹੁਣ ਕਿੰਨਾਂ ਕੁ ਦਮ ਬਚਿਐ,
ਤੇਰੀ ਸਰਦਾਰੀ, ਸਰਦਾਰਾ ਵੇਖਾਂਗੇ।

ਵਿੱਸ ਘੋਲਦੈ ਸੱਪ, ਜੋ ਮਰਿਆ ਨਚ੍ਹੀ ਹਾਲੀ,
ਉਸ ਦਾ ਵੀ ਅੱਜ ਫਿਰ ਫੁੰਕਾਰਾ ਵੇਖਾਂਗੇ।

ਪਿੱਠ 'ਤੇ ਪਈਆਂ ਡਾਂਗਾਂ ਯਾਦ ਨੇ, ਜਾਂ ਭੁੱਲ ਗਏ?
ਚੇਤਾ ਲੋਕਾਂ ਦਾ ਵੀ ਸਾਰਾ ਵੇਖਾਂਗੇ।

ਅੱਜ 'ਆਪ ਜੀ' ਨੇ ਵੀ ਪਿੜ ਵਿਚ ਆਉਣਾ ਹੈ,
ਆਪ ਕਰੋਗੇ ਕਿਹੜਾ ਕਾਰਾ, ਵੇਖਾਂਗੇ?

ਡੰਗਰਾਂ, ਕੁੱਤਿਆਂ, ਚੋਰਾਂ ਤੋਂ ਤੰਗ ਹਨ ਕਿ ਨਹੀਂ?
ਇਸ ਬਾਰੇ ਲੋਕਾਂ ਦਾ ਇਸ਼ਾਰਾ ਵੇਖਾਂਗੇ।

ਜਾਂ ਤਾਂ ਰਾਤ ਨੂੰ ਡਿੱਗ ਪਵਾਂਗੇ ਮਰਿਆਂ ਵਾਂਗ,
ਜਾਂ ਫਿਰ ਕਰ ਕੇ 'ਚਿੱਤ ਕਰਾਰਾ' ਵੇਖਾਂਗੇ।

ਅੱਜ 'ਸੰਧੂ' ਨੇ ਤਾਂ ਦਿਲ ਹੌਲ੍ਹਾ ਕਰ ਹੀ ਲਿਐ,
ਅੱਜ ਕਿਸਦੈ ਦਿਲ ਭਾਰਾ-ਭਾਰਾ, ਵੇਖਾਂਗੇ?



● ਅਮਰਜੀਤ ਸਿੰਘ ਸੰਧੂ, *ਮੋਬਾਈਲ : 94636-13528*

ਕਵਿਤਾਵਾਂ

ਹਾਲਾਤ ਬੜੇ ਗੰਭੀਰ

ਕੋਈ ਬੋਲੇ ਅੱਲ੍ਹਾ ਅੱਲ੍ਹਾ, ਕੋਈ ਬੋਲੇ ਰਾਮ।
ਕੋਈ ਕਹਿੰਦਾ ਵਾਹਿਗੁਰੂ ਤੇ ਕੋਈ ਕਹਿੰਦਾ ਹੈ ਸ਼ਾਮ।

ਆਲਮ ਫਾਜ਼ਲ ਫਿੱਕੇ ਪੈ ਗਏ, ਤਾਲਿਬਾਨਾਂ ਦੇ ਅੱਗੇ
ਕੋਈ ਕਹੇ ਈਸਾਈਅਤ ਵੱਡੀ, ਕੋਈ ਕਹੇ ਇਸਲਾਮ।

ਸ਼ੈਤਾਨਾਂ ਦੀ ਆਂਤ ਦੇ ਵਾਂਗੂੰ ਵਧਦਾ ਜਾਏ ਹਨੇਰਾ
ਚੌਦੀ ਘੰਟੇ ਇਹੀ ਸੋਚੀਦਾ, ਕਦ ਲੱਗੂ ਵਿਸ਼ਰਾਮ।

ਖ਼ਤਰੇ ਵਿਚ ਸੁਹਾਗਣਾਂ, ਹਾਲਾਤ ਬੜੇ ਗੰਭੀਰ
ਮੁੜ ਕੇ ਲੱਗ ਗਈ ਫੇਰ ਹੈ ਅੱਜ ਬਸਰੇ ਦੀ ਲਾਮ।

ਬਸਰਾ ਇੱਥੇ ਬਣ ਗਿਆ ਕੋਈ ਨਾ ਸੁਣਦਾ ਚੀਕ
ਗਲੀਆਂ ਦੇ ਵਿਚ ਵਿਲਕਦਾ ਅੱਜ ਆਦਮੀ ਆਮ।

● ਹਰਜਿੰਦਰ ਗੁੱਲਪੁਰ, *ਮੋਬਾਈਲ : 98722-38981*

ਨਿੰਮ ਦੀ ਘੁੱਟ

ਦੋ ਵਕਤ ਦੀ ਰੋਟੀ ਤੋਂ ਖੁੰਝੇ
ਨੰਗੇ ਪੈਰੀਂ ਚੱਲਣ ਲਈ ਮਜ਼ਬੂਰ
ਮਸ਼ੀਨਾਂ ਵਾਂਗ ਬਿਨਾਂ ਕੁਝ ਪੁੱਛੇ
ਕੰਮ ਕਰਨ ਵਾਲੇ
ਸਿਰ ਝੁਕਾਈ ਨਰਕ ਢੋਅ ਰਹੇ
ਲੁੱਟ ਦੀਆਂ ਲਾਸ਼ਾਂ ਦੇ ਪਿੰਡੇ 'ਤੇ
ਨਿਸ਼ਾਨ।
ਝੂਠੇ ਲਾਰਿਆਂ ਦੀ ਦਲਦਲ 'ਚ
ਡਿਗਰੀ ਨਾਲ ਬੇਰੁਜ਼ਗਾਰੀ ਦਾ
ਤਰਜਮਾ
ਪੈਸੇ ਦੀ ਬੋਲੀ ਨਿਆਂ ਦੇ ਬੋਲ
ਦਫ਼ਤਰੀ ਬਾਬੂ ਦਾ ਰੋਅਬ
ਸਿਸਟਮ ਦਾ ਲੀਹੋਂ ਲੱਥ ਜਾਣਾ
ਨਾ-ਬਰਾਬਰੀ ਦੀ ਪੀੜ੍ਹ
ਰਿਸਦੇ ਜ਼ਖ਼ਮਾਂ 'ਤੇ ਪੱਟੀ ਦੀ ਥਾਂ
ਮਿੱਟੀ ਲਾਉਣ ਵਾਲਿਆਂ ਦੀ
ਜ਼ਮੀਰ ਨੂੰ ਹਲੂਣਦੀ
ਬੀਅ ਬੀਜ ਦਿੰਦੀ ਹੈ
ਜੁੱਤੀ ਥੱਲੇ ਦੱਬੇ ਹੋਇਆਂ 'ਚ
ਆਜ਼ਾਦੀ ਦਾ
ਇਨਕਲਾਬ ਦਾ
ਜ਼ੁਲਮ ਦੀ ਕੁੱਖ ਚੋਂ,
ਇਨਕਲਾਬ ਫੁੱਟਦਾ ਹੈ
ਤੇ ਰੱਜੇ ਹੋਏ ਢਿੱਡ,
ਇਨਕਲਾਬ ਦੀ ਗੱਲ ਨਹੀਂ ਕਰਦੇ
ਤੇ ਨਾਂਹ ਹੀ ਸਿਰਫ਼ ਪੀਲੀਆਂ
ਪੱਗਾਂ ਬੰਨ ਕੇ,
ਇਨਕਲਾਬ ਆਉਂਦਾ ਹੈ
ਤੇਲ ਦੀ ਥਾਂ,
ਲਹੂ ਨਚੋੜਣਾ ਪੈਂਦਾ ਹੈ
ਇਨਕਲਾਬ ਦੀ ਮਸ਼ਾਲ ਲਈ
ਉਹ ਲਹੂ
ਆਪਣਾ ਵੀ ਹੋ ਸਕਦਾ ਹੈ
ਜਾਂ ਕਿਸੇ ਹੋਰ ਦਾ ਵੀ।
ਇਨਕਲਾਬ
ਨਿੰਮ ਦੀ ਜਾਤ 'ਚੋਂ ਹੈ
ਤੇ ਨਿੰਮ ਦਾ ਘੁੱਟ
ਅਕਸਰ ਕੌੜਾ ਹੁੰਦਾ ਹੈ!

● ਗੋਬਿੰਦਰ ਸਿੰਘ ਢੀਂਡਸਾ, *ਮੋਬਾਈਲ : 92560-66000*

ਸ਼ਬਦੋ ਵਲਜਾਰਿਓ

ਟਕਾ



ਪਰਮਜੀਤ ਢੀਂਗਰਾ
ਮੋਬਾਈਲ : 94173-58120

ਅੰਗਰੇਜ਼ੀ ਰਾਜ ਸਮੇਂ ਭਾਰਤ 'ਚ ਦੋ ਪੈਸੇ ਦੇ ਸਿੱਕੇ ਨੂੰ ਟਕਾ ਕਿਹਾ ਜਾਂਦਾ ਸੀ। ਅੱਧੇ ਛਟਾਂਕ ਦਾ ਤੋਲ ਵੀ ਟਕਾ ਅਖਵਾਉਂਦਾ ਸੀ। ਪੁਰਾਣੇ ਸਮਿਆਂ 'ਚ ਜਦੋਂ ਸਿੱਕਿਆਂ ਦੀ ਢਲਾਈ ਅਜੇ ਸ਼ੁਰੂ ਨਹੀਂ ਸੀ ਹੋਈ, ਉਦੋਂ ਧਾਤ ਦੇ ਟੁਕੜਿਆਂ 'ਤੇ ਸਰਕਾਰੀ ਚਿੰਨ੍ਹ ਖੁਣੇ ਜਾਂਦੇ ਸਨ...

ਪੰਜਾਬੀ ਕੋਸ਼ ਅਨੁਸਾਰ ਪੁਰਾਣੇ ਦੋ ਪੈਸੇ ਦੇ ਸਿੱਕੇ ਨੂੰ ਟਕਾ ਕਿਹਾ ਜਾਂਦਾ ਹੈ, ਦੋ ਪੈਸੇ ਦੇ ਮੁੱਲ ਦਾ ਸਿੱਕਾ ਜੋ ਤਾਂਬੇ, ਨਿਕਲ ਆਦਿ ਦਾ ਹੁੰਦਾ ਸੀ, ਚਾਂਦੀ ਦਾ ਇਕ ਪੁਰਾਣਾ ਸਿੱਕਾ, ਧਨ ਦੌਲਤ, ਸਵਾ ਸੇਰ ਦੇ ਬਰਾਬਰ ਇਕ ਤੋਲ ਜੋ ਗੜ੍ਹਵਾਲ ਵਿਚ ਪ੍ਰਚਲਤ ਹੈ। ਇਸ ਨੂੰ ਹਿੰਦੀ ਵਿਚ ਟੱਕਾ, ਪ੍ਰਕਿਰਤ ਵਿਚ ਟੇਕ, ਸੰਸਕ੍ਰਿਤ ਵਿਚ ਟਡਕ, ਸਿੰਧੀ ਵਿਚ ਟਕੋ, ਗੁਜਰਾਤੀ ਵਿਚ ਟਕੋ, ਮਰਾਠੀ ਵਿਚ ਟਕਾ, ਬੰਗਾਲੀ ਵਿਚ ਟਾਕਾ, ਅਸਾਮੀ ਵਿਚ ਟਕਾ, ਨੇਪਾਲੀ ਵਿਚ ਟਕੋ ਆਦਿ ਕਿਹਾ ਜਾਂਦਾ ਹੈ। ਸੰਸਕ੍ਰਿਤ ਟਡਕ ਦਾ ਅਰਥ ਹੈ- ਬੰਨ੍ਹ

ਡੇਅਰੀ ਦੇ ਧੰਦੇ ਨੂੰ ਸਹਾਰਾ ਦੇਣ ਦੀ ਲੋੜ



ਗੁਰਨਾਮ ਸਿੰਘ ਚੌਹਾਨ

ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਪੰਜਾਬ ਸਰਕਾਰ ਨੇ ਡੇਅਰੀ ਧੰਦੇ ਨੂੰ ਬੇਹੱਦ ਪ੍ਰਚਾਰਿਆ ਸੀ। ਪਰ ਸਮੇਂ-ਸਮੇਂ ਠੀਕ ਅਗਵਾਈ ਨਾ ਦੇਣ ਅਤੇ ਦੁੱਧ ਦੇ ਭਾਅ ਵਿੱਚ ਆਈ ਗਿਰਾਵਟ ਨੇ ਡੇਅਰੀ ਫ਼ਾਰਮ ਮਾਲਕਾਂ ਨੂੰ ਵੱਡੇ ਆਰਥਿਕ ਘਾਟੇ ਵੱਲ ਧੱਕ ਦਿੱਤਾ ਹੈ। ਖੁਸ਼ਹਾਲ ਜੀਵਨ ਜਿਉਣ ਦੀ ਆਸ ਵਿੱਚ ਖੋਲ੍ਹੇ ਗਏ ਡੇਅਰੀ ਫਾਰਮ ਫੇਲ੍ਹ ਹੋ ਰਹੇ ਹਨ। ਗਾਵਾਂ ਲਈ ਬਣਾਏ ਸ਼ੈੱਡ ਖਾਲੀ ਪਏ ਹੋਣ ਕਰਕੇ ਕਬਾੜ ਬਣਦੇ ਜਾ ਰਹੇ ਹਨ।

ਪੰਜਾਬ ਸਰਕਾਰ ਨੇ ਰਾਜ ਵਿੱਚ ਜ਼ਮੀਨਦੋਜ਼ ਪਾਣੀ ਦੀ ਬੱਚਤ ਨੂੰ ਮੁੱਖ ਰੱਖਦਿਆਂ ਫ਼ਸਲੀ ਵਿਭਿੰਨਤਾ ਸੂਬੇ ਵਿੱਚ ਸਹਾਇਕ ਧੰਦਿਆਂ ਸਬੰਧੀ ਕਿਸਾਨਾਂ ਨੂੰ ਰੁਚਿਤ ਕਰਨ ਵੱਲ ਰੁਚੀ ਦਿਖਾਈ ਸੀ। ਤਤਕਾਲੀ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ ਪਸ਼ੂਆਂ ਦੀ ਨਸਲ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਡੇਅਰੀ ਦੇ ਧੰਦੇ ਨੂੰ ਪ੍ਰਫੁੱਲਿਤ ਕਰਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਗਈ ਸੀ ਜਿਸ ਤਹਿਤ ਬੈਂਕਾਂ ਵੱਲੋਂ ਡੇਅਰੀ ਫਾਰਮ ਖੋਲ੍ਹਣ ਲਈ ਕਿਸਾਨਾਂ ਨੂੰ ਆਸਾਨ ਕਰਜ਼ੇ ਦਿੱਤੇ ਗਏ। ਕਿਸਾਨਾਂ ਨੇ ਡੇਅਰੀ ਫਾਰਮ ਖੋਲ੍ਹ ਕੇ ਦੁੱਧ ਉਤਪਾਦਨ ਵਧਾਇਆ। ਪਰ ਪੰਜਾਬ ਵਿੱਚ ਵੱਧੇ ਦੁੱਧ ਦੇ ਉਤਪਾਦਨ ਅਤੇ ਕੁਝ ਲੋਕਾਂ ਵੱਲੋਂ ਸੰਥੈਟਿਕ ਦੁੱਧ ਵੱਡੀ ਮਾਤਰਾ ਵਿਚ ਮਾਰਕੀਟ ਵਿਚ ਲਿਆਉਣ ਕਾਰਨ ਦੁੱਧ ਦੀਆਂ ਕੀਮਤਾਂ ਵਿੱਚ ਮੰਦਾ ਆ ਗਿਆ ਜਿਸ ਕਾਰਨ ਪਹਿਲਾਂ ਤੋਂ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਦਾ ਆਰਥਿਕ ਘਾਟਾ ਹੋਰ ਵੱਧ ਗਿਆ। ਪੰਜਾਬ ਸਰਕਾਰ ਨੇ ਡੇਅਰੀ ਦਾ ਧੰਦਾ ਸ਼ੁਰੂ ਕਰਨ ਵਾਲਿਆਂ ਨੂੰ ਪਹਿਲਾਂ ਬਕਾਇਦਾ ਸਿਖਲਾਈ ਦੇ ਕੇ ਹੀ ਕਰਜ਼ੇ ਦੀ ਸੁਵਿਧਾ ਦਿੱਤੀ ਸੀ ਪਰ ਉੱਚ ਪਾਏ ਦੀ ਟਰੇਨਿੰਗ ਨਾ ਮਿਲਣ ਕਰਕੇ ਮਹਿੰਗੀਆਂ ਗਾਵਾਂ ਦੀ ਸਾਂਭ ਸੰਭਾਲ ਤੇ ਗਰਮ ਵਾਤਾਵਰਣ ਦੇ ਅਨੁਕੂਲ ਪ੍ਰਬੰਧਾਂ ਦੀ ਘਾਟ ਡੇਅਰੀ ਫਾਰਮਾਂ ਨੂੰ ਫੇਲ੍ਹ ਕਰਨ ਦਾ ਕਾਰਨ ਸਾਬਤ ਹੋਈ ਹੈ। ਡੇਅਰੀ ਫਾਰਮ ਮਾਲਕਾਂ ਨੂੰ ਉਚ ਪਾਏ ਦੀ ਸਿਖਲਾਈ ਨਾ ਮਿਲਣਾ, ਸਿੰਥੈਟਿਕ ਦੁੱਧ ਦੀ ਬਾਜ਼ਾਰ ਵਿਚ ਵਿਕਰੀ ਨਾ ਰੁਕਣਾ, ਮਜ਼ਦੂਰਾਂ ਦੀ ਘਾਟ, ਮਹਿੰਗੀ ਮਜ਼ਦੂਰੀ ਤੇ ਤੂੜੀ ਅਤੇ ਦੁੱਧ ਦਾ ਰੇਟ ਘੱਟ ਤੇ ਫੀਡ ਦੇ ਭਾਅ ਬਹੁਤ ਜ਼ਿਆਦਾ ਹੋਣਾ, ਫਾਰਮਾਂ ਦੇ ਫੇਲ੍ਹ ਹੋਣ ਦਾ ਵੀ ਕਾਰਨ ਹਨ। ਪਸ਼ੂ ਪਾਲਣ ਵਿਭਾਗ ਵੱਲੋਂ ਕਰਜ਼ਾ ਲੈ ਕੇ ਡੇਅਰੀ ਫਾਰਮ ਖੋਲ੍ਹਣ ਵਾਲੇ ਕਿਸਾਨਾਂ ਨੂੰ ਕਰਜ਼ਾ ਦੇਣ ਵੇਲੇ ਸਬਸਿਡੀਆਂ ਦਿਵਾਉਣ ਦੇ ਵਾਅਦੇ ਕੀਤੇ ਗਏ ਪਰ ਬਾਅਦ ਵਿੱਚ ਕਿਸਾਨਾਂ ਦੀ ਕੋਈ ਬਾਤ ਨਹੀਂ ਪੁੱਛਦਾ। ਜਾਣਕਾਰੀ ਘੱਟ ਹੋਣ ਕਰਕੇ ਕਿਸਾਨ ਥੱਕ ਹਾਰ ਕੇ ਬੈਠ ਗਏ ਹਨ। ਭਾਵੇਂ ਸੰਥੈਟਿਕ ਦੁੱਧ ਸਿੱਧੇ ਰੂਪ ਵਿੱਚ ਮਾਰਕਿਟ ਵਿੱਚ ਨਹੀਂ ਮਿਲਦਾ ਪਰ ਦੁੱਧ ਦੇ ਪਦਾਰਥ ਬਣਾਉਣ ਲਈ ਅਸਾਨੀ ਨਾਲ ਮਿਲ ਜਾਣਾ ਬਜ਼ਾਰ ਵਿੱਚ ਦੁੱਧ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦਾ ਹੈ। ਬਜ਼ਾਰ ਵਿੱਚੋਂ ਦੁੱਧ ਵੀਹ ਤੋਂ ਤੀਹ ਰੁਪੈ ਲੀਟਰ ਮਿਲਦਾ ਹੈ ਜਦੋਂਕਿ ਗਾਵਾਂ ਲਈ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਚੰਗੀ ਪੋਸ਼ਟਿਕ ਖੁਰਾਕ ਦੇ ਰੇਟ ਦੁੱਧ ਦੇ ਮੁਕਾਬਲੇ ਕਈ ਗੁਣਾ ਵੱਧ ਹਨ। ਇਸ ਦੇ ਨਾਲ ਹੀ ਬਜ਼ਾਰੂ ਫੀਡ ਵਿੱਚ ਹੋਣ ਵਾਲੀਆਂ ਹੇਰਾਫੇਰੀਆਂ ਤੇ ਪੋਸ਼ਟਿਕਤਾ ਦੀ ਘਾਟ ਫਾਰਮਾਂ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਕਾਰਨ ਬਣੀ ਹੈ। ਪਸ਼ੂਆਂ ਦੀ ਵਿਕਰੀ ਸਬੰਧੀ ਕੇਂਦਰ ਸਰਕਾਰ ਵੱਲੋਂ ਬਣਾਏ ਨਵੇਂ ਕਾਨੂੰਨ ਵੀ ਡੇਅਰੀ ਫਾਰਮਾਂ ਲਈ ਵੱਡੀ ਸਿਰਦਰਦੀ ਬਣਨਗੇ। ਪੰਜਾਬ ਸਰਕਾਰ ਨੂੰ ਇਸ ਅਹਿਮ ਸਹਾਇਕ ਧੰਦੇ ਨੂੰ ਮੁੜ ਪੈਰਾਂ 'ਤੇ ਲਿਆਉਣ ਲਈ ਡੇਅਰੀ ਫਾਰਮ ਮਾਲਕਾਂ ਦੀਆਂ ਮੁਸ਼ਕਲਾਂ ਵੱਲ ਤੁਰਤ ਧਿਆਨ ਦੇਣਾ ਚਾਹੀਦਾ ਹੈ।

ਕਿਉਂ ਚੜ੍ਹਾਈ ਜਾਂਦੀ ਹੈ ਫਲਾਂ 'ਤੇ ਮੋਮ ਦੀ ਪਰਤ ?

ਪ੍ਰੋ. ਐਚ. ਐਸ. ਡਿੰਪਲ

ਜਿ ਸ ਤਰ੍ਹਾਂ ਸਰੀਰ ਦੇ ਕੁਝ ਭਾਗਾਂ ਤੋਂ ਅਣਚਾਹੇ ਵਾਲ ਉਤਾਰਣ ਲਈ ਮੋਮ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਵੈਕਸਿੰਗ ਵੀ ਆਖਿਆ ਜਾਂਦਾ ਹੈ, ਉਵੇਂ ਹੀ ਫਲਾਂ ਦੀ ਦਿੱਖ ਸੁਧਾਰਨ, ਉਨ੍ਹਾਂ ਨੂੰ ਦੇਰ ਤਕ ਖ਼ਰਾਬ ਹੋਏ ਬਿਨਾਂ ਸੰਭਾਲਣ ਅਤੇ ਉਲੀ ਜਾਂ ਕੀਟ ਦੇ ਹਮਲੇ ਤੋਂ ਬਚਾਉਣ ਲਈ, ਫਲਾਂ ਦੀ ਵੀ ਵੈਕਸਿੰਗ ਕੀਤੀ ਜਾਂਦੀ ਹੈ। ਫਲਾਂ ਦੀ ਵੈਕਸਿੰਗ ਕਰਨ ਲਈ ਇਨ੍ਹਾਂ ਤੇ ਮੋਮ ਦੀ ਇਕ ਪਰਤ ਚੜ੍ਹਾਈ ਜਾਂਦੀ ਹੈ। ਅਸਲ ਵਿਚ ਫਲਾਂ (ਕੁਝ ਸਬਜ਼ੀਆਂ ਸਮੇਤ) ਤੇ ਪਹਿਲਾਂ ਹੀ ਕੁਦਰਤੀ ਤੌਰ ਹੀ ਸੁਭਾਵਿਕ ਮੋਮ ਦੀ ਇਕ ਪਰਤ ਚੜ੍ਹੀ ਹੁੰਦੀ ਹੈ। ਫਲਾਂ ਵਿਚ ਸੇਬ ਤੇ ਸਬਜ਼ੀਆਂ ਵਿਚ ਬੈਂਗਣ 'ਤੇ ਇਹ ਪਰਤ ਅਕਸਰ ਦੇਖੀ ਜਾ ਸਕਦੀ ਹੈ। ਇਹ ਪਰਤ ਬਹੁਤ ਹੀ ਪਤਲੀ ਅਤੇ ਮਾਮੂਲੀ ਹੁੰਦੀ ਹੈ ਤੇ ਬਨਾਵਟੀ ਵੈਕਸਿੰਗ ਕਰਨ ਲਈ ਪਹਿਲਾਂ ਇਸ ਕੁਦਰਤੀ ਮੋਮ ਨੂੰ ਗਰਮ ਪਾਣੀ ਦੁਆਰਾ ਉਤਾਰਿਆ ਜਾਂਦਾ ਹੈ ਤੇ ਫਿਰ ਕੁਦਰਤੀ ਮੋਮ ਜਾਂ ਪੈਟਰੋਲੀਅਮ-ਆਧਾਰਤ ਪਦਾਰਥ ਰਾਹੀਂ ਮੁੜ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਫਲਾਂ ਜਾਂ ਸਬਜ਼ੀਆਂ ਦੀ ਵੈਕਸਿੰਗ ਕਰਨ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਇਨ੍ਹਾਂ ਦੀ ਦਿੱਖ ਸੁਧਾਰਣਾ ਤੇ ਇਨ੍ਹਾਂ ਵਿਚਲੇ ਪਾਣੀ ਨੂੰ ਸੁੱਕਣ ਤੋਂ ਰੋਕਣਾ, ਜਿਸ ਨਾਲ ਇਨ੍ਹਾਂ ਦਾ ਭਾਰ ਵੀ ਕਾਇਮ ਰਹਿੰਦਾ ਹੈ ਅਤੇ ਇਹ ਰਸਦਾਰ ਵੀ ਰਹਿੰਦੇ ਹਨ। ਸਮੇਂ ਨਾਲ ਖ਼ਰਾਬ ਵੀ ਨਹੀਂ ਹੁੰਦੇ। ਸੰਤਰਾ-ਨਿੰਬੂ ਜਾਤੀ ਦੇ ਫਲਾਂ 'ਤੇ ਅਕਸਰ ਮੋਮ ਚੜ੍ਹਾਈ ਜਾਂਦੀ ਹੈ ਪਰ ਇਸ ਜਾਤੀ ਦੇ ਨਿੰਬੂ ਤੋਂ ਇਲਾਵਾ ਬਾਕੀ ਫਲਾਂ ਦਾ ਛਿਲਕਾ ਅਕਸਰ ਉਤਾਰ ਕੇ ਹੀ ਬਾਕੀ ਪਦਾਰਥ ਨੂੰ ਖਾਣ ਲਈ ਵਰਤਿਆ ਜਾਂਦਾ ਹੈ। ਇਸ ਬਾਰੇ ਜ਼ਿਆਦਾ ਤਵੱਜ਼ੋ ਨਹੀਂ ਦਿੱਤੀ ਜਾਂਦੀ। ਇਸ ਤੋਂ ਇਲਾਵਾ ਸੇਬਾਂ 'ਤੇ ਵੀ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਇਸ ਨਾਲ ਫਲ ਸੁੰਗੜਦੇ ਨਹੀਂ ਤੇ ਨਾ ਹੀ ਖ਼ਰਾਬ ਹੁੰਦੇ ਹਨ ਤੇ ਗਲਦੇ ਵੀ ਨਹੀਂ। ਫਲਾਂ ਦੀ ਦਿੱਖ ਵੀ ਸੁਧਰ ਜਾਂਦੀ ਹੈ। ਇਨ੍ਹਾਂ ਦੀ ਦਿੱਖ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਮੋਮ ਵਿਚ ਰੰਗ ਵੀ ਪਾਏ ਜਾਂਦੇ ਹਨ ਅਤੇ ਉਲੀਨਾਸ਼ਕ ਪਾ ਕੇ ਇਨ੍ਹਾਂ ਦੀ ਉਮਰ ਵਿਚ ਵੀ ਵਾਧਾ ਕੀਤਾ ਜਾਂਦਾ ਹੈ। ਖਮੀਰੀਕਰਨ ਲਈ ਮੋਮ ਦੀ ਵਰਤੋਂ ਦਾ ਰਿਵਾਜ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਕੀਤਾ ਜਾ ਰਿਹਾ ਹੈ। ਵਪਾਰੀਕਰਨ ਲਈ ਉਤਪਾਦਕਾਂ ਵਜੋਂ ਇਸ ਦੀ ਵਰਤੋਂ 1927 ਵਿਚ ਆਰੰਭ ਕੀਤੀ ਗਈ। ਕਸਾਵਾ, ਖੀਰਾ ਅਤੇ ਟਮਾਟਰਾਂ ਨੂੰ ਵੀ ਅਕਸਰ ਵੈਕਸ ਕਰਨ ਦਾ ਰਿਵਾਜ ਹੈ। ਮੋਮ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਸਟੋਰੇਜ਼ ਵੈਕਸ (ਫਲ ਦੀ ਲੰਮੀ ਉਮਰ ਲਈ), ਪੈਕ-ਆਊਟ ਵੈਕਸ (ਇਕਦਮ ਵੇਚਣ ਲਈ) ਅਤੇ ਹਾਈਸ਼ਾਈਨ ਵੈਕਸ (ਆਕਰਸ਼ਣ ਵਧਾਉਣ ਲਈ)। ਗੰਨਾ, ਕਰਨੈਬਾ, ਸ਼ੈਲੇਕ ਜਾਂ ਰੇਜ਼ਿਨ ਤੋਂ ਤਿਆਰ ਮੋਮ ਨੂੰ ਜੈਵਿਕ ਮੋਮ ਤੇ ਰਸਾਇਣਕ ਸਿਧਾਂਤ ਰਾਹੀਂ ਤਿਆਰ ਮੋਮ ਨੂੰ ਪੈਟਰੋਲੀਅਮ ਆਧਾਰਤ ਆਖਿਆ ਜਾਂਦਾ ਹੈ। ਇਸ ਲਈ ਕਈ ਵਾਰ ਤਾਂ ਮੋਮ ਦੇ ਘੋਲ ਵਿਚ ਫਲਾਂ ਨੂੰ ਡੁਬੋਇਆ ਜਾਂਦਾ ਹੈ ਤੇ ਕਈ ਵਾਰ ਮੋਮ ਨੂੰ ਕੂਚੇ ਰਾਹੀਂ ਜਾਂ ਕੱਪੜੇ ਤੇ ਲਗਾ ਕੇ ਫਲ 'ਤੇ ਲਗਾਇਆ ਜਾਂਦਾ ਹੈ। ਤਾਲ-ਪਰਲੌਂਗ, ਸੈਂਪਰ ਫਰੈਸ਼, ਫਰੂਟੈਕਸ, ਕਲੀਨ, ਨਿਪਰੋ ਫਰੈਸ਼ ਅਤੇ ਡੈਕੋ ਲਸਟਰ ਆਦਿ ਬਨਾਵਟੀ ਮੋਮ ਦੇ ਪ੍ਰਸਿਧ ਬ੍ਰਾਂਡ ਹਨ।



ਲਾਹੇਵੰਦਾ ਸਹਾਇਕ ਧੰਦਾ: ਖੁੰਬਾਂ ਦੀ ਕਾਸ਼ਤ

• ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ

ਖੁੰਬ ਜੋ ਕਿ ਉੱਲੀ ਤੋਂ ਉਤਪੰਨ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਇਸ ਨੂੰ ਖਾਣ ਵਾਲੀ ਉੱਲੀ ਵੀ ਕਹਿ ਸਕਦੇ ਹਾਂ। ਕੁੱਝ ਖੁੰਬਾ ਜ਼ਹਿਰੀਲੀਆਂ ਵੀ ਹੁੰਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜ ਤਰ੍ਹਾਂ ਦੀਆਂ ਕਿਸਮਾਂ ਤਿਆਰ ਕੀਤੀਆਂ ਹਨ ਕਾਸ਼ਤਕਾਰ ਸਾਰਾ ਸਾਲ ਹੀ ਇਨ੍ਹਾਂ ਨੂੰ ਉਗਾ ਸਕਦੇ ਹਨ। ਇਨ੍ਹਾਂ ਵਿੱਚੋਂ ਬਟਨ, ਢੀਂਗਰੀ ਅਤੇ ਸਿਟਾਕੀ ਸਰਦੀਆਂ ਵਿੱਚ ਉਗਾਈਆਂ ਜਾ ਸਕਦੀਆਂ ਹਨ ਅਤੇ ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬਾਂ ਉਗਾਈਆਂ ਜਾ ਸਕਦੀਆਂ ਹਨ। ਖੁੰਬਾਂ ਦੀਆਂ ਕਿਸਮਾਂ ਤੇ ਉਨ੍ਹਾਂ ਨੂੰ ਉਗਾਉਣ ਦੇ ਢੰਗ ਇਸ ਤਰ੍ਹਾਂ ਹਨ:

ਬਟਨ ਖੁੰਬ: ਬਟਨ ਖੁੰਬ ਨੂੰ ਉਗਾਉਣ ਲਈ ਸਭ ਤੋਂ ਪਹਿਲਾਂ ਕੰਪੋਸਟ ਤਿਆਰ ਕਰਨੀ ਪੈਂਦੀ ਹੈ। ਇਸ ਦੀ ਕੰਪੋਸਟ 28 ਤੋਂ 30 ਦਿਨਾਂ ਵਿੱਚ ਤਿਆਰ ਕੀਤੀ ਜਾ ਸਕਦੀ ਹੈ। ਮੌਸਮ ਦੇ ਮਿਜਾਜ ਨੂੰ ਦੇਖਦੇ ਹੋਏ ਇਸ ਨੂੰ ਬੀਜਣ ਦੀ ਤਿਆਰੀ ਕਰਨੀ ਚਾਹੀਦੀ ਹੈ। ਕੰਪੋਸਟ ਬਣਨ ਤੋਂ ਬਾਅਦ ਜਦੋਂ ਬੀਜਣੀ ਹੋਵੇ ਤਾਂ ਉਸ ਸਮੇਂ ਮੌਸਮ ਗਰਮ ਨਹੀਂ ਹੋਣਾ ਚਾਹੀਦਾ। ਇਸ ਵਾਸਤੇ 18 ਤੋਂ 25 ਡਿਗਰੀ ਤਾਪਮਾਨ ਵਧੀਆ ਮੰਨਿਆ ਜਾਂਦਾ ਹੈ। ਕੰਪੋਸਟ ਤਿਆਰ ਕਰਨ ਲਈ ਸਭ ਤੋਂ ਪਹਿਲਾਂ 3 ਕੁਇੰਟਲ ਤੂੜੀ (ਜਾਂ 4 ਹਿੱਸੇ ਤੂੜੀ 1 ਹਿੱਸਾ ਪਰਾਲ਼ੀ) ਨੂੰ ਪੱਕੇ ਫਰਸ਼ 'ਤੇ ਗਿੱਲਾ ਕਰੋ। ਉੱਪਰ ਸ਼ੈੱਡ ਹੋਣਾ ਜ਼ਰੂਰੀ ਹੈ। ਇਸ ਤੂੜੀ ਨੂੰ 24 ਤੋਂ 48 ਘੰਟੇ ਤੱਕ ਪੂਰਾ ਗਿੱਲਾ ਰੱਖੋ। ਇਸ ਵਿੱਚ ਨਮੀ ਦੀ ਮਾਤਰਾ 70 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਨਮੀਂ ਦੀ ਮਾਤਰਾ ਚੈੱਕ ਕਰਨ ਲਈ ਜਦੋਂ ਗਿੱਲੀ ਤੂੜੀ ਨੂੰ ਮੁੱਠੀ ਵਿੱਚ ਲੈ ਕੇ ਘੁੱਟੋਗੇ ਤਾਂ ਪਾਣੀ ਦੀਆਂ ਬੂੰਦਾਂ ਉਗਲੀਆਂ ਦੇ ਜੋੜਾਂ ਵਿੱਚੋਂ ਟਪਕਣਗੀਆਂ। ਇਸ ਤਿਆਰ ਤੂੜੀ ਵਿੱਚ 1 ਕਿਲੋ ਡੀਏਪੀ, 6.5 ਕਿਲੋ ਯੂਰੀਆ, 3 ਕਿਲੋ ਸੁਪਰਫਾਸਫੇਟ, 15 ਕਿਲੋ ਚੋਕਰ (ਛਾਣ ਬੂਰਾ) ਰਲਾ ਕੇ ਚੰਗੀ ਤਰ੍ਹਾਂ ਰਲਾਵੋ। ਇਸ ਸਮੱਗਰੀ ਨੂੰ 4 ਦਿਨ ਤੱਕ ਢੇਰ ਲਗਾ ਕੇ ਰੱਖੋ। ਚੌਥੇ ਦਿਨ 5 ਕਿਲੋ ਗੁੜ ਦਾ ਸੀਰਾ ਚੰਗੀ ਤਰ੍ਹਾਂ ਰਲਾ ਕੇ ਢੇਰ ਲਗਾ ਦੇਵੋ। ਅੱਠਵੇਂ ਦਿਨ ਖਾਲੀ ਰਲਾ ਲਵੋ ਤੇ ਢੇਰ ਲਗਾਉ। 12ਵੇਂ ਦਿਨ 30 ਕਿਲੋ ਜਿਪਸਮ ਪਾਉ, ਮਿਕਸ ਕਰੋ ਤੇ ਢੇਰ ਲਗਾ ਦੇਵੋ। 16ਵੇਂ ਦਿਨ ਕੁੱਝ ਨਹੀਂ ਪਾਉਣਾ ਤੂੜੀ ਨੂੰ ਫਰੋਲ਼ ਕੇ ਦੂਜੀ ਜਗ੍ਹਾ ਢੇਰੀ ਲਗਾਉ। 20ਵੇਂ ਦਿਨ 150 ਮਿਲੀਲੀਟਰ ਫਿਊਰਡਮ ਮਿਲਾਉ। 24ਵੇਂ ਦਿਨ ਤੂੜੀ ਨੂੰ ਚੰਗੀ ਤਰ੍ਹਾਂ ਫਰੋਲ ਕੇ ਦੁਬਾਰਾ ਢੇਰ ਲਗਾਉ ਇਸ ਵਿੱਚ ਹੋਰ ਕੁੱਝ ਨਹੀਂ ਪਾਉਣਾ। 28ਵੇਂ ਦਿਨ 60 ਮਿਲੀਗ੍ਰਾਮ ਗਾਮਾ ਰਲਾ ਲਵੋ ਅਤੇ ਤੁਹਾਡਾ ਸਟੈਗ ਜਾਂ ਤੂੜੀ ਖੁੰਬ ਬੀਜਣ ਵਾਸਤੇ ਤਿਆਰ ਹੈ। ਕੰਪੋਸਟ ਭੂਰੇ ਰੰਗ ਦਾ ਹੋ ਜਾਵੇਗਾ। ਧਿਆਨ ਦੇਣ ਯੋਗ ਗੱਲ ਹੈ ਕਿ ਕੰਪੋਸਟ ਵਿੱਚੋਂ ਅਮੋਨੀਆ ਦਾ ਮੁਸ਼ਕ ਨਾ ਆਉਂਦਾ ਹੋਵੇ। ਇਸ ਢੇਰ ਦੀ ਦਾ ਪੀਐਚ ਮੁੱਲ 7 ਤੋਂ 8 ਹੋਵੇ ਅਤੇ ਨਮੀ 65 ਤੋਂ 75 ਫ਼ੀਸਦੀ ਤੱਕ ਹੋਵੇ।

ਬਿਜਾਈ: ਮੌਸਮ ਨੂੰ ਦੇਖਦੇ ਹੋਏ ਬਿਜਾਈ ਕਰੋ। 20 ਕਿਲੋ ਦੀ ਢੇਰੀ ਵਿੱਚ 250-300 ਗ੍ਰਾਮ ਬੀਜ ਲਵੋ। 10 ਗ੍ਰਾਮ ਬੀਜ ਨੂੰ ਰੱਖ ਕੇ ਬਾਕੀ ਦੇ ਬੀਜ ਨੂੰ 20 ਕਿਲੋ ਕੰਪੋਸਟ ਵਿੱਚ ਰਲਾ ਦੇਵੋ। 5-5 ਕਿਲੋ ਦੇ ਚਾਰ ਲਿਫਾਫੇ ਤੁੰਨ-ਤੁੰਨ ਕੇ ਭਰ ਲਵੋ। ਲਿਫਾਫਿਆਂ ਦੇ ਉੱਪਰ ਬਚਾਏ ਹੋਏ ਬੀਜ ਦੇ ਕੁੱਝ ਦਾਣੇ ਖਿਲਾਰ ਕੇ ਬੰਦ ਕਰ ਦੇਵੋ। ਇਨ੍ਹਾਂ ਲਿਫਾਫਿਆਂ ਨੂੰ ਅਲੱਗ ਕਮਰੇ ਵਿੱਚ ਰੱਖ ਲਵੋ। 15 ਕੁ ਦਿਨਾਂ ਵਿੱਚ ਚਿੱਟਾ ਰੇਸ਼ਾ ਦਿਖਾਈ ਦੇਵੇਗਾ। ਹੁਣ ਇਨ੍ਹਾਂ ਲਿਫਾਫਿਆਂ ਦੇ ਉਪਰ ਕੇਸਿੰਗ ਤਿਆਰ ਕਰਕੇ ਪਾਉਣੀ ਹੈ। ਕੇਸਿੰਗ ਤਿਆਰ ਕਰਨ ਲਈ 4 ਹਿੱਸੇ ਰੂੜੀ 1 ਹਿੱਸਾ ਖੇਤ ਦੀ ਰੇਤਲੀ ਮਿੱਟੀ ਵਿੱਚ 4 ਫ਼ੀਸਦੀ ਫਾਰਮੈਲਡੀਹਾਈਟ ਪਾ ਕੇ ਰਲਾ ਲੈਣਾ ਹੈ। ਇਸ ਨੂੰ ਕੰਪੋਸਟ ਵਾਲ਼ੇ ਲਿਫਾਫਿਆਂ ਦੇ ਉੱਪਰੋ ਖੋਹਲ ਕੇ ਤਕਰੀਬਨ ਡੇਢ ਇੰਚ ਤੱਕ ਪਾ ਦੇਣਾ ਹੈ। ਹਰ ਰੋਜ਼ ਹੱਥ ਵਾਲੇ ਸਪਰੇਅ ਪੰਪ ਨਾਲ਼ ਪਾਣੀ ਛਿੜਕਾਅ ਕਰਨਾ ਹੈ। 12 ਤੋਂ 15 ਦਿਨਾਂ ਤੱਕ ਖੁੰਬਾ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਬਿਨਾ ਧੋਤੇ ਪੈਕ ਕਰਕੇ ਵੇਚੋ ਜਾਂ ਇਨ੍ਹਾਂ ਦਾ ਅਚਾਰ ਆਦਿ ਬਣਾ ਕੇ ਵੇਚੋ।

ਢੀਗਰੀ: ਇਹ ਖੁੰਬ ਵੀ ਸਰਦੀਆਂ ਵਿੱਚ ਹੀ ਉਗਾਈ ਜਾਂਦੀ ਹੈ। ਇਸ ਵਿੱਚ ਖ਼ੁਰਾਕੀ ਤੱਤ ਬਟਨ ਖੁੰਬ ਵਾਲ਼ੇ ਹੀ ਹੁੰਦੇ ਹਨ ਪਰ ਦਿੱਖ ਪੱਖੋ ਇਹ ਬਹੁਤੀ ਸੋਹਣੀ ਨਹੀਂ ਲੱਗਦੀ। ਇਹ ਕਿਸਮ ਉਗਾਉਣੀ ਬਹੁਤ ਆਸਾਨ ਹੈ। ਇਸ ਨੂੰ ਉਗਾਉਣ ਲਈ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਹੁੰਦੀ। ਤੂੜੀ ਨੂੰ ਚੰਗੀ ਤਰ੍ਹਾਂ ਗਿੱਲੀ ਕਰੋ। ਜਦੋਂ ਤੂੜੀ ਵਿੱਚ ਨਮੀ ਦੀ ਮਾਤਰਾ 65 ਤੋਂ 75 ਫ਼ੀਸਦੀ ਹੋ ਜਾਵੇ ਤਾਂ ਬੀਜਾਈ ਕਰ ਸਕਦੇ ਹੋ। ਇਸ ਲਈ ਤੂੜੀ ਦੋ ਦਿਨ ਵਿੱਚ ਹੀ ਤਿਆਰ ਹੋ ਜਾਂਦੀ ਹੈ। ਬਿਜਾਈ ਲਈ 5-5 ਕਿਲੋ ਦੀਆਂ ਢੇਰੀਆਂ ਲਗਾਉ। 5 ਕਿਲੋ ਦੀ ਢੇਰੀ ਵਿੱਚ 250 ਗ੍ਰਾਮ ਬੀਜ ਰਲਾਉ। ਯਾਦ ਰੱਖੋ 10 ਗ੍ਰਾਮ ਬੀਜ ਵੱਖ ਰੱਖ ਲਵੋ। ਢਾਈ ਕਿਲੋ ਦੇ ਲਿਫਾਫੇ ਵਿੱਚ ਬੀਜ ਰਲੀ ਤੂੜੀ ਨੂੰ ਚੰਗੀ ਤਰ੍ਹਾਂ ਤੁੰਨ-ਤੁੰਨ ਕੇ ਭਰੋ। ਬਚੇ ਹੋਏ ਥੋੜ੍ਹੇ ਜਿਹੇ ਬੀਜ ਉਪਰਲੇ ਪਾਸੇ ਖ਼ਿਲਾਰ ਕੇ ਲਿਫਾਫੇ ਨੂੰ ਰੱਸੀ ਨਾਲ਼ ਕਸ ਕੇ ਬੰਨ੍ਹ ਦੇਵੋ ਅਤੇ ਥੱਲੇ ਦੋਵੇਂ ਪਾਸਿਆਂ ਤੋਂ ਥੋੜ੍

ਸੰਪਾਦਕੀ

ਏ ਆਈ ਕੰਪਨੀਆਂ ਦਾ ਵਿੱਤੀ ਬੁਲਬੁਲਾ

ਮਸ਼ਹੂਰ ਅਮਰੀਕੀ ਪੱਤਰਕਾਰ ਚਾਰਲਸ ਗੈਸਪਰੀਨੋ ਨੇ ਪਿੱਛੇ ਜਿਹੇ 'ਨਿਊਯੌਰਕ ਪੋਸਟ' ਵਿੱਚ 'ਏ ਆਈ ਗੁਬਾਰਾ ਫੁੱਟਣ ਵਾਲਾ ਹੈ' ਸਿਰਲੇਖ ਹੇਠ ਛਪੇ ਆਪਣੇ ਲੇਖ ਵਿੱਚ ਦੱਸਿਆ ਹੈ ਕਿ ਸਾਲ 2000 ਵਿੱਚ ਇੰਟਰਨੈੱਟ ਬਾਰੇ ਅਜਿਹੀਆਂ ਹੀ ਗੱਲਾਂ ਕਹੀਆਂ ਜਾ ਰਹੀਆਂ ਸਨ, ਜਿਹੋ ਜਿਹੀਆਂ ਅੱਜ ਏ ਆਈ ਬਾਰੇ ਆਖੀਆਂ ਜਾ ਰਹੀਆਂ ਹਨ। ਉਦੋਂ ਕਿਹਾ ਜਾ ਰਿਹਾ ਸੀ ਕਿ ਇੰਟਰਨੈੱਟ ਨਾਮ ਦੀ ਸ਼ੈਅ ਪੂਰੀ ਦੁਨੀਆ ਦੇ ਕਾਰੋਬਾਰਾਂ ਨੂੰ ਬਦਲ ਕੇ ਰੱਖ ਦੇਵੇਗੀ ਤੇ ਇਸ ਹੋਣ ਵਾਲੇ ਮੁਨਾਫ਼ੇ ਨਾਲ ਅਮੀਰ ਤੇ ਗ਼ਰੀਬ ਦੋਵੇਂ ਵਰਗਾਂ ਨੂੰ ਲਾਭ ਮਿਲੇਗਾ। ਇਹ ਲਾਹਾ ਲੈਣ ਲਈ ਲੋਕਾਂ ਨੂੰ ਉਦੋਂ ਇੰਟਰਨੈੱਟ ਕੰਪਨੀਆਂ ਦੇ ਸ਼ੇਅਰ ਖਰੀਦਣ ਲਈ ਕਿਹਾ ਗਿਆ ਸੀ ਅਤੇ ਹੁਣ ਏ ਆਈ ਤੇ ਤਕਨੀਕੀ ਕੰਪਨੀਆਂ ਦੇ ਸ਼ੇਅਰ ਖਰੀਦਣ ਲਈ ਕਿਹਾ ਜਾ ਰਿਹਾ ਹੈ। ਗੈਸਪਰੀਨੋ ਅਨੁਸਾਰ ਸਾਲ 2000 ਵਿੱਚ ਇੰਟਰਨੈੱਟ ਨਾਲ ਸਬੰਧਿਤ ਵਿੱਤੀ ਬੁਲਬੁਲਾ ਫੁੱਟਣ ਨਾਲ ਕਿੰਨੇ ਹੀ ਨਿਵੇਸ਼ਕਾਂ ਦਾ ਨੁਕਸਾਨ ਹੋਇਆ ਤੇ ਹੁਣ ਸੱਟਾ ਬਾਜ਼ਾਰ ਅਜਿਹੇ ਹੀ ਸੁਨੇਹੇ ਏ ਆਈ ਦੇ ਸਬੰਧ ਵਿੱਚ ਦੇ ਰਿਹਾ ਹੈ। ਆਓ, ਗੈਸਪਰੀਨੋ ਦੇ ਲੇਖ ਵਿੱਚ ਕੀਤੀ ਭਵਿੱਖਬਾਣੀ ਦੇ ਸੰਦਰਭ ਨੂੰ ਵਾਚਦੇ ਹਾਂ। ਅਸਲ ਵਿੱਚ ਪਿਛਲੇ ਸਮੇਂ ਦੌਰਾਨ ਅਮਰੀਕੀ ਸੱਟਾ ਬਾਜ਼ਾਰ ਵਿੱਚ ਏ ਆਈ ਤੇ ਤਕਨੀਕ ਨਾਲ ਸਬੰਧਿਤ ਕੰਪਨੀਆਂ ਦੇ ਸ਼ੇਅਰਾਂ ਵਿੱਚ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ, ਭਾਵੇਂ ਪੂਰੇ ਸਾਲ ਦੌਰਾਨ ਇਨ੍ਹਾਂ ਵਿੱਚ ਕਾਫ਼ੀ ਵਾਧਾ ਹੋਇਆ ਸੀ। ਕੋਰਵੀਵ ਨਾਮ ਦੀ ਕੰਪਨੀ ਦੇ ਸ਼ੇਅਰਾਂ ਵਿੱਚ ਵੱਡੀ ਗਿਰਾਵਟ ਆਈ। ਸ਼ੇਅਰ ਬਾਜ਼ਾਰ ਵਿੱਚ ਇਸ ਕੰਪਨੀ ਦੇ ਸ਼ੇਅਰਾਂ ਦੇ ਮੁੱਲ ਵਿੱਚ ਕੁੱਲ 51 ਫ਼ੀਸਦੀ ਦਾ ਘਾਟਾ ਦਰਜ ਹੋਇਆ। ਇਸ ਹੀ ਅਕਤੂਬਰ ਦੇ ਮੱਧ ਵਿੱਚ ਏ ਆਈ ਨਾਲ ਸਬੰਧਿਤ ਹੋਰ ਕਈ ਕੰਪਨੀਆਂ ਦੇ ਸ਼ੇਅਰਾਂ ਵਿੱਚ ਵੀ ਵੱਡੀ ਗਿਰਾਵਟ ਆਈ, ਜਿਨ੍ਹਾਂ ਵਿੱਚੋਂ ਕੁਝ ਹਨ: ਨੇਬਿਊਸ ਗਰੁੱਪ, ਅਪਲਾਈਡ ਡਿਜੀਟਲ ਤੇ ਆਇਰਿਸ ਐਨਰਜੀ ਆਦਿ। ਪਿਛਲੇ ਕੁਝ ਸਮੇਂ ਦੌਰਾਨ ਸੱਟਾ ਬਾਜ਼ਾਰ 'ਚ ਏ ਆਈ ਕੰਪਨੀਆਂ ਅਤੇ ਏ ਆਈ ਨੂੰ ਹੁਲਾਰਾ ਦੇਣ ਵਾਲੀਆਂ ਤਕਨੀਕੀ ਕੰਪਨੀਆਂ ਦੇ ਸ਼ੇਅਰਾਂ ਵਿੱਚ ਵੱਡੇ ਪੱਧਰ 'ਤੇ ਵਾਧਾ ਦਰਜ ਹੋ ਰਿਹਾ ਸੀ ਅਤੇ ਸੱਟਾ ਬਾਜ਼ਾਰ ਦੀਆਂ ਹਾਲੀਆਂ ਕੁਝ ਘਟਨਾਵਾਂ ਨੇ ਇਸ ਗੱਲ 'ਤੇ ਮੋਹਰ ਲਾ ਦਿੱਤੀ ਹੈ ਕਿ ਇਸ ਰੁਝਾਨ ਨੇ ਵਿੱਤੀ ਬੁਲਬੁਲੇ ਨੂੰ ਜਨਮ ਦਿੱਤਾ ਹੈ। ਵਿੱਤੀ ਬੁਲਬੁਲੇ ਤੋਂ ਭਾਵ ਸੱਟਾ ਬਾਜ਼ਾਰ 'ਚ ਕਿਸੇ ਕੰਪਨੀ ਦੇ ਉਸ ਮੁਲਾਂਕਣ ਤੋਂ ਹੁੰਦਾ ਹੈ, ਜੋ ਉਸ ਦੀ ਅਸਲ ਕਮਾਈ/ਮੁਨਾਫ਼ਾਯੋਗਤਾ ਤੋਂ ਬਹੁਤ ਵੱਧ ਹੋਵੇ। ਇਸ ਗੱਲ ਨੂੰ ਥੋੜ੍ਹਾ ਹੋਰ ਵਿਸਥਾਰ ਨਾਲ ਸਮਝਦੇ ਹਾਂ। ਇਸ ਸਾਲ ਸੰਯੁਕਤ ਰਾਜ ਅਮਰੀਕਾ ਦੀ ਵਾਧਾ ਦਰ ਵਿੱਚ ਵੱਡਾ ਹਿੱਸਾ ਏ ਆਈ ਤਾਣੇ-ਬਾਣੇ (ਜਿਸ ਵਿੱਚ ਵੱਡੇ ਡੇਟਾ ਕੇਂਦਰ ਮੁੱਖ ਹਨ) ਨੇ ਪਾਇਆ ਹੈ। ਹਾਲ ਦੀ ਘੜੀ ਵੱਡੀਆਂ ਤਕਨੀਕੀ ਕੰਪਨੀਆਂ ਜਿਵੇਂ ਐਮਾਜ਼ੋਨ, ਮਾਈਕਰੋਸੌਫਟ ਅਤੇ ਐਲਫਾਬੈਟ ਆਦਿ ਇਸ ਤਾਣੇ-ਬਾਣੇ ਨੂੰ ਉਸਾਰਨ ਵਿੱਚ ਅਰਬਾਂ ਖਰਬਾਂ ਅਮਰੀਕੀ ਡਾਲਰ ਲਾ ਕੇ ਵੱਡਾ ਨਿਵੇਸ਼ ਕਰ ਰਹੀਆਂ ਹਨ, ਜਿਸ ਨਾਲ ਹਾਲ ਦੀ ਘੜੀ ਰੁਜ਼ਗਾਰ ਵੀ ਮਿਲ ਰਿਹਾ ਹੈ ਤੇ ਕਈ ਨਵੀਆਂ ਕੰਪਨੀਆਂ ਵੀ ਵਧ ਫੁਲ ਰਹੀਆਂ ਹਨ। ਇਸ ਨਿਵੇਸ਼ ਨਾਲ ਸ਼ੇਅਰ ਬਾਜ਼ਾਰ ਨੂੰ ਇਸ਼ਾਰਾ ਮਿਲ ਰਿਹਾ ਸੀ ਕਿ ਅਗਲੇਰੇ ਸਮੇਂ ਵਿੱਚ ਏ ਆਈ ਨਾਲ ਸਬੰਧਿਤ ਕੰਪਨੀਆਂ ਦੇ ਹੋਰ ਵੀ ਵਧੇਰੇ ਵਧਣ ਦੀ ਆਸ ਹੈ, ਜਿਸ ਕਰਕੇ ਕੋਰਵੀਵ ਵਰਗੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਕੀਮਤ ਕਾਫ਼ੀ ਵਧੀ। ਗ਼ੌਰਤਲਬ ਹੈ ਕਿ ਐਮਾਜ਼ੋਨ, ਮਾਈਕਰੋਸੌਫਟ, ਐਲਫਾਬੈਟ ਤੇ ਹੋਰ ਕੰਪਨੀਆਂ ਵੱਲੋਂ ਏ ਆਈ ਤਾਣੇ-ਬਾਣੇ ਵਿੱਚ ਕੀਤੇ ਨਿਵੇਸ਼ ਉੱਤੇ ਹਾਲ ਦੀ ਘੜੀ ਮੁਨਾਫ਼ਾ ਨਹੀਂ ਮਿਲ ਰਿਹਾ। ਇਹ ਨਿਵੇਸ਼ ਭਵਿੱਖ ਵਿੱਚ ਹੋਣ ਵਾਲੇ ਮੁਨਾਫ਼ੇ ਦੀ ਆਸ ਵਿੱਚ ਕੀਤੇ ਜਾ ਰਹੇ ਹਨ। ਇਹ ਮੁਨਾਫ਼ਾ ਅੱਗੇ ਇਸ ਆਸ ਉੱਤੇ ਟਿਕਿਆ ਹੋਇਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਏ ਆਈ ਦੀ ਵਰਤੋਂ ਵੱਡੇ ਪੱਧਰ ਉੱਤੇ ਕੁੱਲ ਦੁਨੀਆ ਦੇ ਅਰਥਚਾਰੇ ਨੂੰ ਪ੍ਰਭਾਵਿਤ ਕਰੇਗੀ। ਏ ਆਈ ਦੀ ਹੋਣ ਵਾਲੀ ਭਵਿੱਖੀ ਮੰਗ ਨੂੰ ਇਹ ਕੰਪਨੀਆਂ ਵੱਧ ਕੀਮਤਾਂ 'ਤੇ ਪੂਰਾ ਕਰਕੇ ਆਪਣੇ ਨਿਵੇਸ਼ ਉੱਤੇ ਮੋਟਾ ਮੁਨਾਫ਼ਾ ਕਮਾਉਣਾ ਲੋਚਦੀਆਂ ਹਨ। ਨਾਲ ਹੀ ਨਿਵੇਸ਼ਕਾਂ (ਜਿਸ ਵਿੱਚ ਆਮ ਲੋਕਾਂ ਦਾ ਵੀ ਕਾਫ਼ੀ ਹਿੱਸਾ ਸ਼ਾਮਿਲ ਹੈ) ਨੂੰ ਏ ਆਈ ਦੀ ਭਵਿੱਖੀ ਵਰਤੋਂ ਵਿੱਚ ਵਿਸ਼ਵਾਸ ਦਿਵਾਉਣ ਲਈ ਕਾਫ਼ੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਕਿਵੇਂ ਕੁਝ ਸਮੇਂ ਬਾਅਦ ਏ ਆਈ ਦੀ ਮਦਦ ਤੋਂ ਬਿਨਾਂ ਕੋਈ ਵੀ ਕੰਮ ਤੇ ਕਾਰੋਬਾਰ ਨਹੀਂ ਚੱਲ ਸਕੇਗਾ। ਇਸ ਪ੍ਰਚਾਰ ਦੇ ਹੋਰ ਪੱਖਾਂ ਨੂੰ ਛੱਡ ਦੇਈਏ ਤਾਂ ਇਸ ਪਿੱਛੇ ਅਹਿਮ ਕਾਰਨ ਸੱਟਾ ਬਾਜ਼ਾਰ ਵਿੱਚ ਇਨ੍ਹਾਂ ਕੰਪਨੀਆਂ ਦੇ ਸ਼ੇਅਰਾਂ ਵਿੱਚ ਨਿਵੇਸ਼ਕਾਂ ਦਾ ਵਿਸ਼ਵਾਸ ਬਣਾਈ ਰੱਖਣਾ ਹੈ ਪਰ ਇਸ ਸਾਰੇ ਲੰਮੇ-ਚੌੜੇ ਪ੍ਰਚਾਰ ਦੇ ਬਾਵਜੂਦ ਇਨ੍ਹਾਂ ਕੰਪਨੀਆਂ ਦੇ ਸ਼ੇਅਰਾਂ 'ਚ ਗਿਰਾਵਟ ਦਰਜ ਕੀਤੀ ਜਾ ਰਹੀ ਹੈ। ਦਰਅਸਲ, ਏ ਆਈ ਲਾਜ਼ਮੀ ਤਕਨੀਕ ਵਜੋਂ ਵੱਡਾ ਮਹੱਤਵ ਰੱਖਦੀ ਹੈ ਪਰ ਇਸ ਦੀ ਕੁੱਲ ਤਾਕਤ ਅਤੇ ਫੌਰੀ ਪ੍ਰਭਾਵ ਨੂੰ ਵਧਾ ਚੜ੍ਹਾ ਕੇ ਦੇਖਿਆ ਜਾ ਰਿਹਾ ਹੈ। ਪਹਿਲੀ ਗੱਲ, ਜਦੋਂ ਵੀ ਕੋਈ ਨਵੀਂ ਤਕਨੀਕ ਕਿਸੇ ਖੇਤਰ ਵਿੱਚੋਂ ਮਨੁੱਖੀ ਕਿਰਤ ਨੂੰ ਮਨਫ਼ੀ ਕਰਦੀ ਹੈ ਤਾਂ ਨਾਲ ਹੀ ਅਜਿਹੇ ਕਈ ਹੋਰ ਖੇਤਰ ਵੀ ਪੈਦਾ ਕਰਦੀ ਹੈ, ਜਿੱਥੇ ਮਨੁੱਖੀ ਕਿਰਤ ਦੀ ਲੋੜ ਹੁੰਦੀ ਹੈ। ਦੁਨੀਆ ਭਰ ਦੇ ਮਾਹਿਰਾਂ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਇਹ ਦਾਅਵਾ ਬੇਬੁਨਿਆਦ ਹੈ ਕਿ ਏ ਆਈ ਮਨੁੱਖੀ ਕਿਰਤ ਨੂੰ ਲਾਂਭੇ ਕਰ ਦੇਵੇਗੀ।

ਪੰਜਾਬ ਭਰ ਵਿੱਚ ਛੱਠ ਪੂਜਾ ਲਈ 104 ਸਥਾਨਾਂ ਦੀ ਸ਼ਨਾਖ਼ਤ ਕੀਤੀ : ਭਗਵੰਤ ਸਿੰਘ ਮਾਨ

ਚੰਡੀਗੜ੍ਹ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੂੰ ਆਉਣ ਵਾਲੇ ਪਵਿੱਤਰ ਤਿਉਹਾਰ ਛੱਠ ਪੂਜਾ ਲਈ ਸੂਬੇ ਭਰ ਵਿੱਚ ਸ਼ਨਾਖਤ ਕੀਤੇ ਗਏ ਸਾਰੇ 104 ਸਥਾਨਾਂ 'ਤੇ ਵਿਆਪਕ ਅਤੇ ਪੁਖ਼ਤਾ ਪ੍ਰਬੰਧ ਕਰਨ ਦੇ ਆਦੇਸ਼ ਦਿੱਤੇ ਹਨ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਹਰ ਸ਼ਰਧਾਲੂ ਦੀ ਸੁਰੱਖਿਆ ਅਤੇ ਸਹੂਲਤ ਸਰਕਾਰ ਦੀ ਸਭ ਤੋਂ ਪਹਿਲੀ ਪ੍ਰਮੁੱਖਤਾ ਰਹੇਗੀ।

ਸੀਨੀਅਰ ਅਧਿਕਾਰੀਆਂ ਨਾਲ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਸਾਰੇ ਵਿਭਾਗਾਂ ਨੂੰ ਤਿਆਰੀਆਂ ਸਮੇਂ ਸਿਰ ਮੁਕੰਮਲ ਕਰਨ ਅਤੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਕਿ ਸ਼ਰਧਾਲੂ ਪੂਰੀ ਧਾਰਮਿਕ ਸ਼ਰਧਾ, ਉਤਸ਼ਾਹ ਅਤੇ ਅਮਨ-ਸ਼ਾਂਤੀ ਨਾਲ ਤਿਉਹਾਰ ਮਨਾਉਣ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਛੱਠ ਪੂਜਾ ਅਥਾਹ ਸ਼ਰਧਾ, ਭਗਤੀ ਅਤੇ ਸੱਭਿਆਚਾਰਕ ਮਹੱਤਤਾ ਦਾ ਅਹਿਮ ਮੌਕਾ ਹੈ। ਸਾਡੀ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸ਼ਰਧਾਲੂ ਇਸ ਪਵਿੱਤਰ ਤਿਉਹਾਰ ਨੂੰ ਪੂਰੀ ਧਾਰਮਿਕ ਸ਼ਰਧਾ, ਉਤਸ਼ਾਹ ਅਤੇ ਸ਼ਾਂਤੀ ਨਾਲ ਮਨਾ ਸਕਣ। ਹਰ ਸ਼ਰਧਾਲੂ ਦੀ ਸੁਰੱਖਿਆ ਅਤੇ ਸਹੂਲਤ ਸਾਡੀ ਸਭ ਤੋਂ ਪਹਿਲੀ ਪ੍ਰਮੁੱਖਤਾ ਹੈ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਕਿਸੇ ਨੂੰ ਵੀ ਕੋਈ ਮੁਸ਼ਕਲ ਨਾ ਹੋਵੇ।



ਮੁੱਖ ਮੰਤਰੀ ਨੇ ਦੱਸਿਆ, ਪੰਜਾਬ ਭਰ ਵਿੱਚ 104 ਸਥਾਨਾਂ ਦੀ ਸ਼ਨਾਖਤ ਕੀਤੀ ਗਈ ਹੈ ਜਿੱਥੇ ਛੱਠ ਪੂਜਾ ਮਨਾਈ ਜਾਵੇਗੀ। ਸਾਰੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਮੁਕੰਮਲ ਕੀਤੇ ਜਾਣੇ ਚਾਹੀਦੇ ਹਨ, ਸ਼ਰਧਾਲੂਆਂ, ਵਿਸ਼ੇਸ਼ ਤੌਰ 'ਤੇ ਔਰਤਾਂ ਅਤੇ ਬਜ਼ੁਰਗਾਂ ਨੂੰ ਸੁਵਿਧਾਜਨਕ ਮਾਹੌਲ ਦੇਣ ਵਿੱਚ ਕੋਈ ਕਸਰ ਨਹੀਂ ਛੱਡੀ ਜਾਣੀ ਚਾਹੀਦੀ ਜੋ ਅਥਾਹ ਸ਼ਰਧਾ ਅਤੇ ਭਗਤੀ ਨਾਲ ਇਹ ਗੀਤੀ-ਰਿਵਾਜ ਨਿਭਾਉਂਦੇ ਹਨ।

ਪ੍ਰਸ਼ਾਸਨ ਨੂੰ ਸਾਰੇ ਪ੍ਰਵਾਨਿਤ ਸਥਾਨਾਂ 'ਤੇ ਢੁਕਵੇਂ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ, ਜਿੱਥੇ ਵੀ ਲੋੜ ਹੋਵੇ, ਨਿਰਧਾਰਤ ਜਲ ਸਰੋਤਾਂ ਵਿੱਚ ਤਾਜ਼ਾ ਪਾਣੀ ਪਾਇਆ ਜਾਵੇ। ਵੱਡੇ ਸ਼ਹਿਰਾਂ ਵਿੱਚ ਢੁਕਵੇਂ ਘਾਟ ਬਣਾ ਕੇ ਵਿਕਸਤ ਕੀਤੇ ਜਾਣ ਤਾਂ ਜੋ ਸ਼ਰਧਾਲੂ ਆਪਣੀਆਂ ਧਾਰਮਿਕ ਰਸਮਾਂ ਸੁਰੱਖਿਅਤ ਤੇ ਸੁਖਾਲੇ ਢੰਗ ਨਾਲ ਨਿਭਾ ਸਕਣ। ਸਾਰੇ ਸ਼ਨਾਖਤ ਕੀਤੇ ਗਏ ਸਥਾਨਾਂ 'ਤੇ ਸਫ਼ਾਈ ਦੀਆਂ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾਣੀਆਂ ਚਾਹੀਦੀਆਂ ਹਨ, ਜਿੱਥੇ ਰੌਸ਼ਨੀ ਅਤੇ ਹੋਰ ਸੁਚੱਜਾ ਪ੍ਰਬੰਧ ਹੋਵੇ।

ਉਨ੍ਹਾਂ ਅੱਗੇ ਕਿਹਾ, ਅਧਿਕਾਰੀਆਂ ਅਤੇ ਹੋਰ ਅਮਲੇ ਦੀਆਂ ਡਿਊਟੀਆਂ ਸਮੇਂ ਸਿਰ ਲਾਈਆਂ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿੱਚ ਜ਼ਿੰਮੇਵਾਰੀਆਂ ਅਤੇ ਜਵਾਬਦੇਹੀ ਸਪੱਸ਼ਟ ਤੌਰ 'ਤੇ ਤੈਅ ਹੋਵੇ। ਤਿਉਹਾਰ ਨੂੰ ਸੁਚਾਰੂ ਅਤੇ ਬਿਨਾਂ ਕਿਸੇ ਦਿੱਕਤ ਦੇ ਨਪੜੇ ਚਾੜ੍ਹਨ ਲਈ ਹਰੇਕ ਵਿਭਾਗ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨਾ ਚਾਹੀਦਾ ਹੈ। ਜਲ ਸਰੋਤਾਂ ਦੇ ਨੇੜੇ ਰਸਮਾਂ ਨਿਭਾਉਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਜਿੱਥੇ ਵੀ ਸ਼ਰਧਾਲੂ ਜਲ ਸਰੋਤਾਂ ਦੇ ਨੇੜੇ ਇਕੱਠੇ ਹੁੰਦੇ ਹਨ, ਉੱਥੇ ਬਚਾਅ ਦੇ ਹੱਲ ਵਜੋਂ ਢੁਕਵੀਂ ਗਿਣਤੀ ਵਿੱਚ ਲਾਈਫ਼ਗਾਰਡ ਤਾਇਨਾਤ ਕੀਤੇ ਜਾਣ। ਲੋਕਾਂ ਨੂੰ ਕੰਟਰੋਲ ਵਿੱਚ ਰੱਖਣ ਅਤੇ ਕਿਸੇ ਵੀ ਅਣਹੋਣੀ ਘਟਨਾ ਨੂੰ ਰੋਕਣ ਲਈ ਢੁਕਵੀਂ ਬੈਰੀਕੇਡਿੰਗ, ਰੱਸੀਆਂ ਦੇ ਪ੍ਰਬੰਧ, ਪਬਲਿਕ ਐਡਰੈੱਸ ਸਿਸਟਮ ਅਤੇ ਲੋੜੀਂਦੀ ਪੁਲਿਸ ਫੋਰਸ ਵੀ ਯਕੀਨੀ ਬਣਾਈ ਜਾਵੇ।

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਐਮਰਜੈਂਸੀ ਤਿਆਰੀਆਂ ਨੂੰ ਮਜ਼ਬੂਤ ਕਰਨ ਲਈ ਲੋੜ ਅਨੁਸਾਰ ਰਾਸ਼ਟਰੀ ਆਫ਼ਤ ਰਿਸਪਾਂਸ ਫੋਰਸ (ਐਨ.ਡੀ.ਆਰ.ਐਫ.) ਅਤੇ ਸੂਬਾਈ ਆਫ਼ਤ ਰਿਸਪਾਂਸ ਫੋਰਸ (ਐਸ.ਡੀ.ਆਰ.ਐਫ.) ਦੀਆਂ ਵਿਸ਼ੇਸ਼ ਟੀਮਾਂ ਦੀ ਮਦਦ ਲੈਣ ਦੇ ਵੀ ਨਿਰਦੇਸ਼ ਦਿੱਤੇ।

ਉਨ੍ਹਾਂ ਜ਼ੋਰ ਦੇ ਕੇ ਕਿਹਾ, ਹੰਗਾਮੀ ਸੇਵਾਵਾਂ ਲਈ ਪ੍ਰਬੰਧ ਪੁਖ਼ਤਾ ਹੋਣੇ ਚਾਹੀਦੇ ਹਨ ਅਤੇ ਕਿਸੇ ਵੀ ਅਣਹੋਣੀ ਦੀ ਸਥਿਤੀ ਵਿੱਚ ਤੁਰੰਤ ਕਾਰਵਾਈ ਯਕੀਨੀ ਬਣਾਉਣ ਲਈ ਜਿੱਥੇ ਵੀ ਲੋੜ ਹੋਵੇ ਐਨ.ਡੀ.ਆਰ.ਐਫ. ਅਤੇ ਐਸ.ਡੀ.ਆਰ.ਐਫ. ਦੀਆਂ ਵਿਸ਼ੇਸ਼ ਟੀਮਾਂ ਨੂੰ ਸ਼ਾਮਲ ਕੀਤਾ ਜਾਵੇ। ਅਸੀਂ ਕਿਸੇ ਵੀ ਕੀਮਤ 'ਤੇ ਸ਼ਰਧਾਲੂਆਂ ਦੀ ਸੁਰੱਖਿਆ ਨਾਲ ਸਮਝੌਤਾ ਨਹੀਂ ਕਰਾਂਗੇ।

ਸੀਨੀਅਰ ਅਧਿਕਾਰੀਆਂ ਨੂੰ ਪ੍ਰਬੰਧਾਂ ਦੀ ਖੁਦ ਨਿਗਰਾਨੀ ਕਰਨ ਦੇ ਨਿਰਦੇਸ਼ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਾਰੇ ਅਧਿਕਾਰੀ ਚੌਕਸ ਰਹਿਣ ਅਤੇ ਹਰੇਕ ਸਬੰਧਤ ਵਿਭਾਗ ਨਾਲ ਨਜ਼ਦੀਕੀ ਤਾਲਮੇਲ ਬਣਾ ਕੇ ਰੱਖਣ। ਹਰ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨਾ ਅਤੇ ਇਹ ਯਕੀਨੀ ਬਣਾਉਣਾ ਸਾਡਾ ਫਰਜ਼ ਹੈ ਕਿ ਪੰਜਾਬ ਵਿੱਚ ਹਰ ਤਿਉਹਾਰ ਆਪਸੀ ਸਦਭਾਵਨਾ, ਭਾਈਚਾਰਕ ਸਾਂਝ ਅਤੇ ਅਪਣੱਤ ਦੇ ਮਾਹੌਲ ਵਿੱਚ ਪੂਰੇ ਉਤਸ਼ਾਹ, ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾਵੇ।

ਮੀਟਿੰਗ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹਰਦੀਪ ਸਿੰਘ ਮੁੰਡੀਆਂ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਡਾ. ਰਵੀ ਭਗਤ, ਵਿਸ਼ੇਸ਼ ਡੀ.ਜੀ.ਪੀ. ਪੀ.ਕੇ. ਸਿਨਹਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

ਸੂਬੇ ਅੰਦਰ ਕਾਂਗਰਸ ਦੀ ਸਰਕਾਰ ਬਣਨਾ ਤੈਅ

ਪਟਿਆਲਾ, 17 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-



ਸੂਬੇ ਅੰਦਰ ਜਿਉਂ ਹੀ ਵਿਧਾਨ ਸਭਾ ਚੋਣਾਂ ਦਾ ਸਮਾਂ ਨੇੜੇ ਆਉਂਦਾ ਜਾ ਰਿਹਾ ਹੈ ਤਿਉਂ ਤਿਉਂ ਦਫਤਰੀ ਵਿਭਾਗ ਦੇ ਅਧਿਕਾਰੀਆਂ ਤੇ ਸਰਕਾਰ ਦੀ ਪਕੜ ਢਿੱਲੀ ਪੈਂਦੀ ਨਜ਼ਰ ਆ ਰਹੀ ਹੈ ਜਿਸ ਕਾਰਨ ਸਮੁੱਚੇ ਵਿਭਾਗਾਂ ਅੰਦਰ ਕੰਮ ਕਰਵਾਉਣ ਵਾਲੇ ਲੋਕਾਂ ਨੂੰ ਖੱਜਲ ਖਵਾਰ ਹੋਣਾ ਪੈ ਰਿਹਾ ਹੈ ਜਿਸ ਤੋਂ ਸਾਫ ਪਤਾ ਚੱਲਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੁਣ ਸਾਰਾ ਕੁਝ ਛੱਡ ਕੇ ਚੋਣ ਰੈਲੀਆਂ ਵਿੱਚ ਹੀ ਮਸ਼ਰੂਫ ਹੋ ਚੁੱਕੇ ਹਨ ਜਿਨਾਂ ਦਾ ਸਰਕਾਰੀ ਵਿਭਾਗਾਂ ਵੱਲ ਕੋਈ ਧਿਆਨ ਨਹੀਂ ਨਿਤ ਦਿਨ ਲੋਕ ਦਫਤਰਾਂ ਦੇ ਖਵਾਰ ਹੋਣ ਦਾ ਠੀਕਰਾ ਮੌਜੂਦਾ ਸਰਕਾਰ ਤੇ ਭਨ ਰਹੇ ਹਨ ਕਿ ਜਿਹੜੀ ਸਰਕਾਰ ਲੋਕਾਂ ਨੂੰ ਦਫਤਰੀ ਵਿਭਾਗਾਂ ਵਿੱਚ ਕੰਮਾਂ ਲਈ ਬਾਰ ਬਾਰ ਦਫਤਰੀ ਚੱਕਰਾਂ ਤੋਂ ਖਹਿੜਾ ਛੁਡਾਉਣ ਦੀਆਂ ਗੱਲਾਂ ਕਰਦੀ ਸੀ ਉਲਟਾ ਹੁਣ ਦਫਤਰਾਂ ਦੇ ਚੱਕਰ ਲਗਾ ਕੇ ਵੀ ਦਫਤਰੀ ਬਾਬੂ ਕੰਮ ਕਰਨਾ ਮੁਨਾਸਿਬ ਨਹੀਂ ਸਮਝਦੇ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਾਂਗਰਸ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨ

ਪਸ਼ੂ ਪਾਲਕਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਅਤੇ ਪੇਂਡੂ ਅਰਥਵਿਵਸਥਾ ਨੂੰ ਸ਼ਕਤੀਸ਼ਾਲੀ ਬਣਾਉਣ ਲਈ ਨਿਰੰਤਰ ਯਤਨਸ਼ੀਲ : ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ

ਚੰਡੀਗੜ੍ਹ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਹਰਿਆਣਾ ਦੇ ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਕਿਹਾ ਕਿ ਰਾਜ ਸਰਕਾਰ ਸੂਬੇ ਵਿੱਚ ਪਸ਼ੂ ਪਾਲਕਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣ ਅਤੇ ਪੇਂਡੂ ਅਰਥਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਨਿਰੰਤਰ ਯਤਨ ਕਰ ਰਹੀ ਹੈ। ਇਸੇ ਲਈ ਪਸ਼ੂ ਪਾਲਣ ਨੂੰ ਉਤਸ਼ਾਹਤ ਕਰਨ ਅਤੇ ਕਿਸਾਨਾਂ ਦੀ ਆਜੀਵਿਕਾ ਦੇ ਨਵੇਂ ਰਾਹ ਖੋਲ੍ਹਣ ਲਈ ਸਰਕਾਰ ਵਲੋਂ ਕਈ ਵੱਡੇ ਕਦਮ ਚੁੱਕੇ ਗਏ ਹਨ।

ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਵਿਜ਼ਨ ਅਨੁਸਾਰ, ਵਾਤਾਵਰਣ ਅਤੇ ਪਸ਼ੂ ਧਨ ਹਮੇਸ਼ਾ ਤੋਂ ਭਾਰਤ ਦੇ ਆਰਥਿਕ ਚਿੰਤਨ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਿੱਸਾ ਰਹੇ ਹਨ, ਅਤੇ ਰਾਜ ਸਰਕਾਰ ਇਸੇ ਦਿਸ਼ਾ ਵਿੱਚ ਨਿਰੰਤਰ ਕੰਮ ਕਰ ਰਹੀ ਹੈ।

ਸ਼੍ਰੀ ਰਾਣਾ ਨੇ ਦੱਸਿਆ ਕਿ ਸੂਬੇ ਦੀਆਂ ਰਜਿਸਟਰਡ ਗਊਸ਼ਾਲਾਵਾਂ ਅਤੇ ਨੰਦੀਸ਼ਾਲਾਵਾਂ ਦੇ ਗਊਵੰਸ਼ ਦੇ ਨਾਲ-ਨਾਲ ਮੁੜ ਵਸੇਬੇ ਕੀਤੇ ਗਏ ਗਊਵੰਸ਼ ਲਈ ਚਾਰਾ ਗ੍ਰਾਂਟ ਵਜੋਂ ਅਕਤੂਬਰ 2024 ਤੋਂ ਨਵੰਬਰ 2026 ਤੱਕ ਲਗਭਗ 361 ਕਰੋੜ ਰੁਪਏ ਦੀ ਰਾਸ਼ੀ ਵੰਡੀ ਗਈ ਹੈ। ਇਸ ਤੋਂ ਇਲਾਵਾ, ਦੁੱਧ ਦੀ ਪ੍ਰੋਸੈਸਿੰਗ ਅਤੇ ਪੋਸ਼ਣ ਨੂੰ ਉਤਸ਼ਾਹਤ ਕਰਨ ਲਈ ਪਿਸਤਾ ਅਤੇ ਕੇਸਰ ਫਲੇਵਰਡ ਦੁੱਧ, ਜੌ-ਜਵਾਰ ਦੇ ਲੱਡੂ, ਬਾਜਰੇ ਦੇ ਲੱਡੂ ਅਤੇ ਮੈਂਗੋ ਲੱਸੀ ਵਰਗੇ ਪੌਸ਼ਟਿਕ ਉਤਪਾਦ ਵੀ ਲਾਂਚ ਕੀਤੇ ਗਏ ਹਨ।ਖੇਤੀਬਾੜੀ ਅਤੇ ਪਸ਼ੂ ਪਾਲਣ ਮੰਤਰੀ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਡੇਅਰੀ ਖੇਤਰ ਦੇ ਢਾਂਚਾਗਤ ਸੁਧਾਰਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸੇ ਲੜੀ ਵਿੱਚ ਸਹਿਕਾਰੀ ਸਭਾ ਪੱਧਰ 'ਤੇ ਦੁੱਧ ਠੰਢਾ ਕਰਨ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਸਾਲ 2024-26 ਦੌਰਾਨ 80 ਬਲਕ ਮਿਲਕ ਕੂਲਰ ਵੰਡੇ ਗਏ ਹਨ।

ਉਨ੍ਹਾਂ ਪਸ਼ੂ ਨਸਲ ਸੁਧਾਰ ਦੀ ਦਿਸ਼ਾ ਵਿੱਚ ਇੱਕ ਵੱਡੀ ਉਪਲਬਧੀ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਹਿਸਾਰ ਵਿੱਚ ਲਗਭਗ 18.63 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਆਧੁਨਿਕ ਸੈਕਸ-ਸੋਰਟਿਡ ਸੀਮਨ ਪ੍ਰਯੋਗਸ਼ਾਲਾ (Sex-Sorted Semen Laboratory) ਸਥਾਪਿਤ ਕੀਤੀ ਗਈ ਹੈ। ਇਸ ਤੋਂ ਇਲਾਵਾ, ਪਸ਼ੂ ਪਾਲਕਾਂ ਅਤੇ ਦੁੱਧ ਉਤਪਾਦਕਾਂ ਨੂੰ ਸਿੱਧਾ ਆਰਥਿਕ ਲਾਭ ਪਹੁੰਚਾਉਣ ਲਈ 'ਮੁੱਖ ਮੰਤਰੀ ਦੁੱਧ ਉਤਪਾਦਕ ਉਤਸ਼ਾਹ ਯੋਜਨਾ' ਤਹਿਤ ਅਕਤੂਬਰ 2024 ਤੋਂ ਸਤੰਬਰ 2026 ਤੱਕ ਲਗਭਗ 51,000 ਲਾਭਪਾਤਰੀਆਂ ਦੇ ਖਾਤਿਆਂ ਵਿੱਚ 133.11 ਕਰੋੜ ਰੁਪਏ ਦੀ ਸਬਸਿਡੀ ਰਾਸ਼ੀ ਟਰਾਂਸਫਰ ਕੀਤੀ ਗਈ ਹੈ।

ਸ਼੍ਰੀ ਰਾਣਾ ਨੇ ਕਿਹਾ ਕਿ ਸਰਕਾਰ ਦੇ ਇਹਨਾਂ ਨਿਰੰਤਰ ਯਤਨਾਂ ਨਾਲ ਸੂਬੇ ਵਿੱਚ ਪਸ਼ੂ ਪਾਲਕਾਂ ਦਾ ਆਰਥਿਕ ਵਿਕਾਸ ਹੋਵੇਗਾ ਅਤੇ ਗ੍ਰਾਮੀਣ ਅਰਥਵਿਵਸਥਾ ਨੂੰ ਹੋਰ ਮਜ਼ਬੂਤੀ ਮਿਲੇਗੀ।

ਹਰਿਆਣਾ ਵਿੱਚ ਆਊਟਸੋਰਸਿੰਗ ਨੀਤੀ ਤਹਿਤ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਸੇਵਾਵਾਂ 31 ਦਸੰਬਰ ਤੱਕ ਵਧਾਈਆਂ

ਚੰਡੀਗੜ੍ਹ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਆਊਟਸੋਰਸਿੰਗ ਨੀਤੀ ਦੇ ਪਾਰਟ-2 ਤਹਿਤ ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵਿੱਚ ਕੰਮ ਕਰ ਰਹੇ ਕਰਮਚਾਰੀਆਂ ਦੀ ਠੇਕਾ ਮਿਆਦ ਦੋ ਮਹੀਨਿਆਂ ਲਈ ਵਧਾ ਦਿੱਤੀ ਹੈ।

ਹੁਣ ਇਨ੍ਹਾਂ ਕਰਮਚਾਰੀਆਂ ਦੀਆਂ ਸੇਵਾਵਾਂ 31 ਦਸੰਬਰ, 2026 ਤੱਕ ਜਾਰੀ ਰਹਿਣਗੀਆਂ। ਇਹ ਵਾਧਾ 1 ਨਵੰਬਰ, 2026 ਤੋਂ ਲਾਗੂ ਹੋਵੇਗਾ।

ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਵੱਲੋਂ ਜਾਰੀ ਪੱਤਰ ਅਨੁਸਾਰ, ਮਨਜ਼ੂਰਸ਼ੁਦਾ ਅਸਾਮੀਆਂ ਦੇ ਵਿਰੁੱਧ ਆਊਟਸੋਰਸਿੰਗ ਨੀਤੀ ਦੇ ਪਾਰਟ-2 ਤਹਿਤ ਨਿਯੁਕਤ ਕਰਮਚਾਰੀਆਂ ਦੀ ਠੇਕਾ ਮਿਆਦ ਪਹਿਲਾਂ 31 ਅਕਤੂਬਰ, 2026 ਤੱਕ ਵਧਾਈ ਗਈ ਸੀ। ਹੁਣ ਸਰਕਾਰ ਨੇ ਇਸ ਮਾਮਲੇ 'ਤੇ ਮੁੜ ਵਿਚਾਰ ਕਰਦਿਆਂ ਇਸ ਨੂੰ ਅਗਲੇ ਦੋ ਮਹੀਨਿਆਂ ਲਈ ਹੋਰ ਵਧਾਉਣ ਦਾ ਫੈਸਲਾ ਕੀਤਾ ਹੈ।ਇਸ ਤੋਂ ਇਲਾਵਾ, ਹਰਿਆਣਾ ਕੌਸ਼ਲ ਰੋਜ਼ਗਾਰ ਨਿਗਮ (ਐਚ.ਆਰ.ਐਸ.ਐਲ.) ਰਾਹੀਂ ਵੱਖ-ਵੱਖ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਵਿੱਚ ਤਾਇਨਾਤ ਕਰਮਚਾਰੀਆਂ ਦੀ ਠੇਕਾ ਮਿਆਦ ਵੀ ਦੋ ਮਹੀਨਿਆਂ ਲਈ ਵਧਾ ਕੇ 31 ਦਸੰਬਰ, 2026 ਤੱਕ ਕਰ ਦਿੱਤੀ ਗਈ ਹੈ।

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਵਾਧਾ ਐਚ.ਕੇ.ਆਰ.ਐਨ. ਵੱਲੋਂ ਨਿਰਧਾਰਤ ਸ਼ਰਤਾਂ ਅਨੁਸਾਰ ਹੀ ਹੋਵੇਗਾ।

ਇਸ ਸਬੰਧ ਵਿੱਚ ਮਨੁੱਖੀ ਸਰੋਤ ਵਿਭਾਗ ਵੱਲੋਂ ਸਾਰੇ ਸਬੰਧਤ ਵਿਭਾਗਾਂ, ਬੋਰਡਾਂ ਅਤੇ ਨਿਗਮਾਂ ਨੂੰ ਲੋੜੀਂਦੇ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ।

ਸੂਬੇ ਭਰ ਵਿੱਚ ਖੁੱਲ੍ਹਣਗੀਆਂ 2,651 ਉਚਿਤ ਮੁੱਲ ਦੀਆਂ ਰਾਸ਼ਨ ਦੁਕਾਨਾਂ

ਚੰਡੀਗੜ੍ਹ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਗਰੀਬ ਅਤੇ ਯੋਗ ਪਰਿਵਾਰਾਂ ਤੱਕ ਰਾਸ਼ਨ ਡਿਪੂਆਂ ਦੀ ਪਹੁੰਚ ਬਿਹਤਰ ਬਣਾਉਣ ਲਈ ਸੂਬੇ ਭਰ ਵਿੱਚ 2,651 ਉਚਿਤ ਮੁੱਲ ਦੀਆਂ ਦੁਕਾਨਾਂ ਖੋਲ੍ਹਣ ਦਾ ਫੈਸਲਾ ਕੀਤਾ ਹੈ। ਹਾਲ ਹੀ ਵਿੱਚ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਨੇ ਸੂਬੇ ਵਿੱਚ ਖਾਲੀ ਪਈਆਂ 2,651 ਉਚਿਤ ਮੁੱਲ ਦੀਆਂ ਦੁਕਾਨਾਂ (ਫੇਅਰ ਪ੍ਰਾਈਸ ਸ਼ਾਪਸ) ਦੇ ਲਾਇਸੈਂਸ ਲਈ ਆਨਲਾਈਨ ਅਰਜ਼ੀਆਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਵਧਾ ਦਿੱਤੀ ਹੈ। ਹੁਣ ਇੱਛੁਕ ਬਿਨੈਕਾਰ 25 ਨਵੰਬਰ 2026 ਤੱਕ ਆਨਲਾਈਨ ਅਰਜ਼ੀਆਂ ਦੇ ਸਕਦੇ ਹਨ, ਜਦਕਿ ਪਹਿਲਾਂ ਇਸ ਦੀ ਆਖਰੀ ਮਿਤੀ 10 ਨਵੰਬਰ 2026 ਨਿਰਧਾਰਤ ਕੀਤੀ ਗਈ ਸੀ।ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਫੇਅਰ ਪ੍ਰਾਈਸ ਸ਼ਾਪਸ ਰਾਹੀਂ ਵਿਸ਼ੇਸ਼ ਤੌਰ 'ਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਨੂੰ ਸਿੱਧਾ ਲਾਭ ਪਹੁੰਚਾਇਆ ਜਾਵੇਗਾ, ਜਿੱਥੇ ਮੌਜੂਦਾ ਰਾਸ਼ਨ ਡਿਪੂ ਕਾਫ਼ੀ ਦੂਰ ਸਥਿਤ ਹਨ। ਇਸ ਯੋਜਨਾ ਨਾਲ ਨਾ ਸਿਰਫ਼ ਜਨਤਕ ਵੰਡ ਪ੍ਰਣਾਲੀ ਮਜ਼ਬੂਤ ਹੋਵੇਗੀ, ਸਗੋਂ ਨੌਜਵਾਨਾਂ ਲਈ ਸਵੈ-ਰੋਜ਼ਗਾਰ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਇਸ ਦੇ ਨਾਲ ਹੀ, ਇਸ ਪੂਰੀ ਪ੍ਰਕਿਰਿਆ ਵਿੱਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ, ਜਿਸ ਨਾਲ ਜ਼ਮੀਨੀ ਪੱਧਰ 'ਤੇ ਮਹਿਲਾ ਸਸ਼ਕਤੀਕਰਨ ਨੂੰ ਵੀ ਨਵਾਂ ਹੁਲਾਰਾ ਮਿਲੇਗਾ।

ਉਨ੍ਹਾਂ ਦੱਸਿਆ ਕਿ ਇੱਛੁਕ ਬਿਨੈਕਾਰ ਆਨਲਾਈਨ ਪੋਰਟਲ ਰਾਹੀਂ ਅਰਜ਼ੀ ਦੇ ਸਕਦੇ ਹਨ। ਇਸ ਪੋਰਟਲ ਦੀ ਸ਼ੁਰੂਆਤ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ 10 ਅਕਤੂਬਰ 2026 ਨੂੰ ਕੀਤੀ ਗਈ ਸੀ। ਉਨ੍ਹਾਂ ਅੱਗੇ ਦੱਸਿਆ ਕਿ ਯੋਗ ਬਿਨੈਕਾਰ ਹਰਿਆਣਾ ਅੰਤਯੋਦਯ ਸਰਲ ਪੋਰਟਲ (https://saralharyana.gov.in) ਰਾਹੀਂ 25 ਨਵੰਬਰ 2026 ਤੱਕ ਆਪਣੀਆਂ ਅਰਜ਼ੀਆਂ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ। ਅਰਜ਼ੀ ਨਾਲ ਸਬੰਧਤ ਵਿਸਥਾਰ ਦਿਸ਼ਾ-ਨਿਰਦੇਸ਼, ਯੋਗਤਾ ਦੀਆਂ ਸ਼ਰਤਾਂ ਅਤੇ ਹਦਾਇਤਾਂ ਵਿਭਾਗ ਦੀ ਅਧਿਕਾਰਤ ਵੈੱਬਸਾਈਟ https://haryanafood.gov.in 'ਤੇ ਉਪਲਬਧ ਹਨ।

ਬੁਲਾਰੇ ਨੇ ਇਹ ਵੀ ਦੱਸਿਆ ਕਿ ਖਾਲੀ ਪਈਆਂ ਉਚਿਤ ਮੁੱਲ ਦੀਆਂ ਦੁਕਾਨਾਂ ਦਾ ਜ਼ਿਲ੍ਹਾ-ਵਾਰ ਅਤੇ ਪਿੰਡ-ਵਾਰ ਵੇਰਵਾ ਵੀ ਵਿਭਾਗ ਦੀ ਵੈਬਸਾਈਟ ਅਤੇ ਸਬੰਧਤ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਵੈਬਸਾਈਟਾਂ 'ਤੇ ਦੇਖਿਆ ਜਾ ਸਕਦਾ ਹੈ। ਵਿਭਾਗ ਨੇ ਸਾਰੇ ਯੋਗ ਨੌਜਵਾਨਾਂ ਅਤੇ ਔਰਤਾਂ ਨੂੰ ਇਸ ਵਧੇ ਹੋਏ ਮੌਕੇ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਹੈ ਅਤੇ ਸਲਾਹ ਦਿੱਤੀ ਹੈ ਕਿ ਨਿਰਧਾਰਤ ਆਖਰੀ ਮਿਤੀ ਤੋਂ ਪਹਿਲਾਂ ਸਰਲ ਪੋਰਟਲ 'ਤੇ ਆਪਣੀਆਂ ਅਰਜ਼ੀਆਂ ਜ਼ਰੂਰ ਜਮ੍ਹਾਂ ਕਰਵਾ ਦੇਣ। ਇਸ ਪਹਿਲਕਦਮੀ ਨਾਲ ਹਰਿਆਣਾ ਵਿੱਚ ਜਨਤਕ ਵੰਡ ਪ੍ਰਣਾਲੀ ਦੇ ਮਜ਼ਬੂਤ ਹੋਣ ਅਤੇ ਜ਼ਮੀਨੀ ਪੱਧਰ 'ਤੇ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ ਦੀ ਉਮੀਦ ਹੈ।

ਸਾਂਗ ਹਰਿਆਣਾ ਦੀ ਸੱਭਿਆਚਾਰਕ ਚੇਤਨਾ, ਲੋਕ ਜੀਵਨ ਅਤੇ ਅਮੀਰ ਪਰੰਪਰਾਵਾਂ ਦੀ ਪਛਾਣ : ਡਾ. ਆਦਿਤਿਆ ਦਹੀਆ

ਚੰਡੀਗੜ੍ਹ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੀ ਅਮੀਰ ਲੋਕ ਨਾਟਕ ਪਰੰਪਰਾ ਸਾਂਗ ਨੂੰ ਸਮਰਪਿਤ ਪ੍ਰਤਿਸ਼ਠਤ ਸ਼੍ਰੀ ਧਨਪਤ ਸਿੰਘ ਸਾਂਗੀ ਲਾਈਫਟਾਈਮ ਅਚੀਵਮੈਂਟ ਐਵਾਰਡ-2026 ਲਈ ਪ੍ਰਸਿੱਧ ਸਾਂਗੀ ਪੰਡਿਤ ਲਖਮੀਚੰਦ ਦੇ ਪੋਤੇ ਸ਼੍ਰੀ ਵਿਸ਼ਨੂੰਦੱਤ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਨੂੰ ਇੱਕ ਲੱਖ ਰੁਪਏ ਦੀ ਇਨਾਮੀ ਰਾਸ਼ੀ ਅਤੇ ਪ੍ਰਸ਼ੰਸਾ ਪੱਤਰ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਜਾਵੇਗਾ।

ਹਰਿਆਣਾ ਦੇ ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਡਾ. ਆਦਿਤਿਆ ਦਹੀਆ ਨੇ ਦੱਸਿਆ ਕਿ ਹਰਿਆਣਾ ਦੀ ਲੋਕ ਸੰਸਕ੍ਰਿਤੀ ਵਿੱਚ ਸਾਂਗ ਦਾ ਵਿਸ਼ੇਸ਼ ਸਥਾਨ ਹੈ। ਇਹ ਸਿਰਫ਼ ਮਨੋਰੰਜਨ ਦੀ ਵਿਧਾ ਨਹੀਂ, ਸਗੋਂ ਲੋਕ ਜੀਵਨ, ਸਮਾਜਿਕ ਚੇਤਨਾ, ਨੈਤਿਕ ਮੁੱਲਾਂ ਅਤੇ ਸੱਭਿਆਚਾਰਕ ਪਰੰਪਰਾਵਾਂ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਇੱਕ ਮਜਬੂਤ ਸਰੋਤ ਰਹੀ ਹੈ। ਸਾਂਗ ਦੀ ਇਸੇ ਗੌਰਵਸ਼ਾਲੀ ਵਿਰਾਸਤ ਦੀ ਸੰਭਾਲ ਅਤੇ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਵਿਭਾਗ ਵੱਲੋਂ ਹਰ ਸਾਲ ਰਾਜ ਪੱਧਰੀ ਸਾਂਗ ਮਹੋਤਸਵ ਦਾ ਆਯੋਜਨ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਸਾਲ 2025-26 ਦਾ ਰਾਜ ਪੱਧਰੀ ਸਾਂਗ ਮਹੋਤਸਵ 23 ਤੋਂ 27 ਫਰਵਰੀ, 2026 ਤੱਕ ਹਰਿਆਣਾ ਕਲਾ ਪ੍ਰੀਸ਼ਦ, ਕੁਰੂਕਸ਼ੇਤਰ ਦੇ ਆਡੀਟੋਰੀਅਮ ਵਿੱਚ ਕਰਵਾਇਆ ਗਿਆ ਸੀ। ਪੰਜ ਰੋਜ਼ਾ ਇਸ ਮਹੋਤਸਵ ਵਿੱਚ ਸੂਬੇ ਦੇ ਵੱਖ-ਵੱਖ ਸਾਂਗ ਕਲਾਕਾਰਾਂ ਨੇ ਆਪਣੀਆਂ ਪੇਸ਼ਕਾਰੀਆਂ ਰਾਹੀਂ ਹਰਿਆਣਾ ਦੀ ਰਵਾਇਤੀ ਲੋਕ ਨਾਟਕ ਸ਼ੈਲੀ, ਲੋਕ ਸੰਗੀਤ, ਅਦਾਕਾਰੀ ਅਤੇ ਸੰਵਾਦ ਅਦਾਇਗੀ ਦੀ ਅਮੀਰ ਝਲਕ ਪੇਸ਼ ਕੀਤੀ।

ਡਾ. ਦਹੀਆ ਨੇ ਦੱਸਿਆ ਕਿ ਪੁਰਸਕਾਰ ਲਈ ਨਿਰਧਾਰਤ ਮੁਲਾਂਕਣ ਪ੍ਰਕਿਰਿਆ ਅਪਣਾਈ ਗਈ। ਇਸ ਤਹਿਤ ਸਮੀਖਿਆ ਕਮੇਟੀ ਵੱਲੋਂ ਕਲਾਕਾਰਾਂ ਦੀਆਂ ਮੰਚੀ ਪੇਸ਼ਕਾਰੀਆਂ ਦਾ ਮੁਲਾਂਕਣ 60 ਅੰਕਾਂ ਦੇ ਆਧਾਰ 'ਤੇ ਅਤੇ ਚੋਣ ਕਮੇਟੀ ਵੱਲੋਂ ਉਨ੍ਹਾਂ ਦੇ ਦਸਤਾਵੇਜ਼ਾਂ ਅਤੇ ਜੀਵਨ ਬਿਓਰੇ ਦਾ ਮੁਲਾਂਕਣ 40 ਅੰਕਾਂ ਦੇ ਆਧਾਰ 'ਤੇ ਕੀਤਾ ਗਿਆ। ਦੋਵਾਂ ਕਮੇਟੀਆਂ ਦੇ ਸਾਂਝੇ ਮੁਲਾਂਕਣ ਤੋਂ ਬਾਅਦ ਸ਼੍ਰੀ ਵਿਸ਼ਨੂੰਦੱਤ ਦੀ ਇਸ ਵੱਕਾਰੀ ਪੁਰਸਕਾਰ ਲਈ ਚੋਣ ਕੀਤੀ ਗਈ।ਡਾ. ਆਦਿਤਿਆ ਦਹੀਆ ਨੇ ਕਿਹਾ ਕਿ ਹਰਿਆਣਾ ਦੀ ਲੋਕ ਨਾਟਕ ਪਰੰਪਰਾ ਵਿੱਚ ਪੰਡਿਤ ਲਖਮੀਚੰਦ ਦਾ ਯੋਗਦਾਨ ਅਭੁੱਲ ਹੈ। ਉਨ੍ਹਾਂ ਨੇ ਆਪਣੀਆਂ ਰਚਨਾਵਾਂ, ਲੋਕ ਗੀਤਾਂ ਅਤੇ ਸਾਂਗ ਪੇਸ਼ਕਾਰੀਆਂ ਰਾਹੀਂ ਹਰਿਆਣਵੀ ਲੋਕ ਸਾਹਿਤ ਨੂੰ ਨਵੀਆਂ ਬੁਲੰਦੀਆਂ ਪ੍ਰਦਾਨ ਕੀਤੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਲੋਕ ਜੀਵਨ ਦੀਆਂ ਸੰਵੇਦਨਾਵਾਂ, ਸਮਾਜਿਕ ਸਰੋਕਾਰਾਂ, ਨੈਤਿਕ ਕਦਰਾਂ-ਕੀਮਤਾਂ ਅਤੇ ਮਾਨਵੀ ਰਿਸ਼ਤਿਆਂ ਦੀ ਡੂੰਘੀ ਅਭਿਵਿਅਕਤੀ ਮਿਲਦੀ ਹੈ।

ਉਨ੍ਹਾਂ ਕਿਹਾ ਕਿ ਪੰਡਿਤ ਲਖਮੀਚੰਦ ਦੇ ਪੋਤੇ ਸ਼੍ਰੀ ਵਿਸ਼ਨੂੰਦੱਤ ਦੀ ਇਸ ਸਨਮਾਨ ਲਈ ਚੋਣ ਹੋਣਾ ਹਰਿਆਣਾ ਦੀ ਉਸ ਅਮੀਰ ਸੱਭਿਆਚਾਰਕ ਵਿਰਾਸਤ ਪ੍ਰਤੀ ਸਨਮਾਨ ਦਾ ਪ੍ਰਤੀਕ ਹੈ, ਜਿਸ ਨੇ ਲੋਕ ਕਲਾ ਅਤੇ ਲੋਕ ਭਾਸ਼ਾ ਨੂੰ ਸੂਬੇ ਦੀ ਵਿਸ਼ੇਸ਼ ਪਛਾਣ ਪ੍ਰਦਾਨ ਕੀਤੀ ਹੈ।

ਡਾ. ਆਦਿਤਿਆ ਦਹੀਆ ਨੇ ਦੱਸਿਆ ਕਿ ਚੁਣੇ ਗਏ ਸ਼੍ਰੀ ਵਿਸ਼ਨੂੰਦੱਤ ਨੂੰ ਇੱਕ ਲੱਖ ਰੁਪਏ ਦੀ ਇਨਾਮੀ ਰਾਸ਼ੀ ਅਤੇ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਰਾਜ ਪੱਧਰੀ ਸਾਂਗ ਮਹੋਤਸਵ ਵਿੱਚ ਹਿੱਸਾ ਲੈਣ ਵਾਲੇ ਹੋਰ ਕਲਾਕਾਰਾਂ ਨੂੰ ਪ੍ਰਤੀ ਪੇਸ਼ਕਾਰੀ 30 ਹਜ਼ਾਰ ਰੁਪਏ ਮਾਣਭੱਤਾ ਪ੍ਰਦਾਨ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਸੂਬੇ ਦੀਆਂ ਰਵਾਇਤੀ ਲੋਕ ਕਲਾਵਾਂ ਦੀ ਸੰਭਾਲ, ਪ੍ਰੋਤਸਾਹਨ ਅਤੇ ਪ੍ਰਚਾਰ-ਪ੍ਰਸਾਰ ਲਈ ਵਚਨਬੱਧ ਹੈ। ਵਿਭਾਗ ਦਾ ਉਦੇਸ਼ ਸੀਨੀਅਰ ਲੋਕ ਕਲਾਕਾਰਾਂ ਦੇ ਯੋਗਦਾਨ ਨੂੰ ਸਨਮਾਨ ਦੇਣ ਦੇ ਨਾਲ-ਨਾਲ ਨੌਜਵਾਨ ਪ੍ਰਤਿਭਾਵਾਂ ਨੂੰ ਮੰਚ ਪ੍ਰਦਾਨ ਕਰਨਾ ਅਤੇ ਨਵੀਂ ਪੀੜ੍ਹੀ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨਾ ਹੈ।

ਡਾ. ਦਹੀਆ ਨੇ ਕਿਹਾ ਕਿ ਸਾਂਗ ਹਰਿਆਣਾ ਦੀ ਲੋਕ ਆਤਮਾ ਦੀ ਅਭਿਵਿਅਕਤੀ ਹੈ। ਇਸ ਪਰੰਪਰਾ ਨੂੰ ਜੀਵੰਤ ਰੱਖਣਾ ਸਾਡੀ ਸੱਭਿਆਚਾਰਕ ਜ਼ਿੰਮੇਵਾਰੀ ਹੈ। ਅਜਿਹੇ ਸਮਾਗਮਾਂ ਅਤੇ ਸਨਮਾਨਾਂ ਰਾਹੀਂ ਹਰਿਆਣਾ ਦੀ ਅਮੀਰ ਲੋਕ ਨਾਟਕ ਵਿਰਾਸਤ ਨੂੰ ਨਵੀਂ ਪਛਾਣ ਮਿਲਦੀ ਰਹੇਗੀ ਅਤੇ ਕਲਾਕਾਰਾਂ ਨੂੰ ਲਗਾਤਾਰ ਉਤਸ਼ਾਹ ਮਿਲਦਾ ਰਹੇਗਾ।

'ਵਿਗਿਆਨ ਸਿੱਖਿਆ ਪ੍ਰੋਤਸਾਹਨ ਸਕਾਲਰਸ਼ਿਪ ਯੋਜਨਾ' ਤਹਿਤ ਅਰਜ਼ੀਆਂ ਸ਼ੁਰੂ

ਚੰਡੀਗੜ੍ਹ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਬੁਨਿਆਦੀ ਅਤੇ ਕੁਦਰਤੀ ਵਿਗਿਆਨ ਦੇ ਵਿਸ਼ਿਆਂ ਵਿੱਚ ਉੱਚ

ਨਸ਼ਿਆਂ ਤੋਂ ਦੂਰ ਰਹਿਣ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਉਪਰਾਲਾ



ਪਟਿਆਲਾ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਦੇ ਮਕਸਦ ਨਾਲ ਪਿੰਡ ਕਲਿਆਣ ਵਿਖੇ ਮੁੱਖ ਮੰਤਰੀ ਖੇਡ ਗਰਾਊਂਡ ਵਿੱਚ ਵਾਲੀਬਾਲ ਦੇ ਮੈਚ ਕਰਵਾਏ ਗਏ। ਇਸ ਉਪਰਾਲੇ ਦਾ ਉਦੇਸ਼ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਉਨ੍ਹਾਂ ਨੂੰ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਨਵਜੋਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣ ਲਈ ਖੇਡ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਿੰਡ ਕਲਿਆਣ ਦੇ ਖੇਡ ਗਰਾਊਂਡ ਵਿਖੇ ਖਿਡਾਰੀਆਂ ਨੂੰ ਸਿਖਲਾਈ ਦੇਣ ਲਈ ਇੱਕ ਕੋਚ ਵੀ ਮੁਹੱਈਆ ਕਰਵਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਕੋਚ ਦੀ ਮਦਦ ਨਾਲ ਖਿਡਾਰੀ ਖੇਡਾਂ ਦੀਆਂ ਬਾਰੀਕੀਆਂ ਸਿੱਖ ਸਕਣਗੇ ਅਤੇ ਆਪਣੀ ਖੇਡ ਪ੍ਰਤਿਭਾ ਨੂੰ ਨਿਖਾਰ ਸਕਣਗੇ। ਅਜਿਹੇ ਉਪਰਾਲਿਆਂ ਨਾਲ ਨੌਜਵਾਨਾਂ ਦਾ ਧਿਆਨ ਨਸ਼ਿਆਂ ਤੋਂ ਹਟਾ ਕੇ ਖੇਡਾਂ ਵੱਲ ਕੇਂਦਰਿਤ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਬਿਹਤਰ ਭਵਿੱਖ ਬਣਾਉਣ ਲਈ ਵੀ ਪ੍ਰੇਰਿਤ ਕੀਤਾ ਜਾ ਸਕੇਗਾ।

ਇਸ ਮੌਕੇ ਖਿਡਾਰੀਆਂ ਨੇ ਵਾਲੀਬਾਲ ਦੇ ਮੈਚਾਂ ਵਿੱਚ ਉਤਸ਼ਾਹ ਨਾਲ ਭਾਗ ਲਿਆ। ਇਸ ਪਹਿਲਕਦਮੀ ਨਾਲ ਪਿੰਡ ਦੇ ਨੌਜਵਾਨਾਂ ਨੂੰ ਖੇਡਾਂ ਲਈ ਇੱਕ ਵਧੀਆ ਮੰਚ ਮਿਲੇਗਾ ਅਤੇ ਉਹ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਸਕਣਗੇ।

ਖੇਡਾਂ ਰਾਹੀਂ ਨੌਜਵਾਨਾਂ ਵਿੱਚ ਅਨੁਸ਼ਾਸਨ, ਟੀਮ ਭਾਵਨਾ ਅਤੇ ਸਿਹਤ ਪ੍ਰਤੀ ਜਾਗਰੂਕਤਾ ਵੀ ਵਧੇਗੀ।

ਸਰਕਾਰ ਵੱਲੋਂ ਖੇਡਾਂ ਨੂੰ ਲੈ ਕੇ ਪੰਜਾਬ ਵਿੱਚ ਕੀਤਾ ਜਾ ਚੁੱਕਾ ਹੈ ਸਾਜਗਾਰ ਮਾਹੌਲ ਪੂਰੀ ਤਰ੍ਹਾਂ ਤਿਆਰ : ਕੁਲਵੰਤ ਸਿੰਘ

ਮੁਹਾਲੀ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵੈਦਵਾਨ ਸਪੋਰਟਸ ਕਲੱਬ ਮੌਲੀ ਵੈਦਵਾਨ ਦੇ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਕਬੱਡੀ ਕੱਪ ਦਾ ਆਯੋਜਨ 14 ਅਤੇ 15 ਨਵੰਬਰ ਨੂੰ ਪਿੰਡ ਮੌਲੀ ਵੈਦਵਾਨ, ਸੈਕਟਰ 80, ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ , ਇਸ ਕਬੱਡੀ ਕੱਪ ਦਾ ਪੋਸਟਰ ਵਿਧਾਇਕ ਕੁਲਵੰਤ ਸਿੰਘ ਹੋਰਾਂ ਦੇ ਵੱਲੋਂ ਰਿਲੀਜ਼ ਕੀਤਾ ਗਿਆ, ਇਸ ਮੌਕੇ ਤੇ ਮੌਜੂਦ ਅਵਤਾਰ ਸਿੰਘ ਮੌਲੀ ਅਤੇ ਗੁਰਸੇਵਕ ਸਿੰਘ ਸਰਪੰਚ ਸਰਪਸਤ ਕਲੱਬ ਨੇ ਦੱਸਿਆ ਕਿ ਇਸ ਕਬੱਡੀ ਕੱਪ ਦੇ ਦੌਰਾਨ ਬੈਸਟ ਰੇਡਰ ਨੂੰ ਮੋਟਰਸਾਈਕਲ ਜਦਕਿ ਬੈਸਟ ਜਾਫੀ ਨੂੰ ਵੀ ਇਨਾਮ ਵਜੋਂ ਮੋਟਰਸਾਈਕਲ ਦਿੱਤੇ ਜਾ ਰਹੇ ਜਾਣਗੇ, ਅਵਤਾਰ ਸਿੰਘ ਮੌਲੀ ਅਤੇ ਗੁਰਸੇਵਕ ਸਿੰਘ ਨੇ ਦੱਸਿਆ ਕਿ ਇਸ ਕਬੱਡੀ ਕੱਪ ਦੇ ਦੌਰਾਨ ਵਿਧਾਇਕ ਕੁਲਵੰਤ ਸਿੰਘ ,ਮਾਲਵਿੰਦਰ ਸਿੰਘ ਕੰਗ -ਮੈਂਬਰ ਪਾਰਲੀਮੈਂਟ, ਕੁਲਦੀਪ ਸਿੰਘ ਸਮਾਣਾ, ਸਰਬਜੀਤ ਸਿੰਘ ਸਮਾਣਾ ਮੇਅਰ ਮੋਹਾਲੀ ਕਾਰਪੋਰੇਸ਼ਨ ਉਚੇਚੇ ਤੌਰ ਤੇ ਸ਼ਮੂਲੀਅਤ ਕਰਨਗੇ, ਇਸ ਕਬੱਡੀ ਕੱਪ ਸੰਬੰਧੀ ਪੋਸਟਰ ਰਿਲੀਜ਼ ਕਰਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਧਾਇਕ ਕੁਲਵੰਤ ਸਿੰਘ ਹੋਰਾਂ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਹੋਰਾਂ ਦੀ ਤਰਫੋਂ ਪੰਜਾਬ ਦੇ ਵਿੱਚ ਖੇਡਾਂ ਨੂੰ ਲੈ ਕੇ ਸਾਜਗਾਰ ਮਾਹੌਲ ਤਿਆਰ ਕਰਨ ਦੇ ਚਲਦਿਆਂ ਹੀ ਅੱਜ ਪੰਜਾਬ ਦੇ ਸ਼ਹਿਰ ਅਤੇ ਪਿੰਡਾਂ ਦੇ ਵਿੱਚ ਵੱਡੇ ਪੱਧਰ ਤੇ ਖੇਡ ਮੇਲਿਆਂ ਦਾ ਆਯੋਜਨ ਪਹਿਲਾਂ ਦੇ ਮੁਕਾਬਲਤਨ ਹੋਰ ਵਧ ਚੁੱਕਿਆ ਹੈ, ਅਤੇ ਪੰਜਾਬ ਸਰਕਾਰ ਵੱਲੋਂ ਜਿੱਥੇ ਖੇਡਾਂ ਦੇ ਵਿੱਚ ਮਾਣਯੋਗ ਪ੍ਰਾਪਤੀਆਂ ਕਰਨ ਵਾਲੇ ਖਿਡਾਰੀਆਂ ਅਤੇ ਕੋਚਿਸ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ, ਉੱਥੇ ਨਵੀਂ ਪਨੀਰੀ ਤਿਆਰ ਕਰਨ ਦੇ ਲਈ ਖਿਡਾਰੀਆਂ ਨੂੰ



ਵਧੀਆ ਖੇਡ ਮੈਦਾਨ ਦੇ ਨਾਲ- ਨਾਲ ਖੇਡਾਂ ਦੇ ਲਈ ਲੁੜੀਂਦਾ ਸਮਾਨ ਵੀ ਪੰਜਾਬ ਸਰਕਾਰ ਦੀ ਤਰਫੋਂ ਮੁਹਈਆ ਕਰਵਾਇਆ ਜਾ ਰਿਹਾ ਹੈ , ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਿੱਥੇ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ, ਉੱਥੇ ਖਿਡਾਰੀਆਂ ਨੂੰ ਤਰਾਸ਼ਣ ਦੇ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਕੋਚਜ ਨੂੰ ਵੀ ਨਗਦ ਇਨਾਮ ਅਤੇ ਸਨਮਾਨ ਚਿੰਨ ਦੇ ਕੇ ਦਿੱਤੇ ਜਾ ਰਹੇ ਹਨ, ਵਿਧਾਇਕ ਕੁਲਵੰਤ ਸਿੰਘ ਹੋਰਾਂ ਦੱਸਿਆ ਕਿ ਪੰਜਾਬ ਭਰ ਵਿੱਚ ਚੱਲ ਰਹੇ ਖੇਡ ਮੇਲਿਆਂ ਦੀ ਲੜੀ ਦੇ ਤਹਿਤ ਹੀ ਪਿੰਡ ਮੌਲੀ ਵੈਦਵਾਨ ਵਿਖੇ ਵੀ ਹਰ ਸਾਲ ਦੀ ਤਰ੍ਹਾਂ ਵਿਸ਼ਾਲ ਕਬੱਡੀ ਕੱਪ ਦਾ ਆਯੋਜਨ ਖੇਡ ਪ੍ਰਬੰਧਕਾਂ ਅਤੇ ਪਿੰਡ ਦੀ ਪੰਚਾਇਤ ਵੱਲੋਂ ਸਾਂਝੇ ਤੌਰ ਤੇ ਇਲਾਕੇ ਦੇ ਪਤਵੰਤੀਆਂ ਦੇ ਨਾਲ ਮਿਲ ਕੇ ਕੀਤਾ ਜਾ ਰਿਹਾ ਹੈ। ਇਸ ਮੌਕੇ ਤੇ ਸਾਬਕਾ ਸਰਪੰਚ ਅਤੇ ਖੇਡ ਪ੍ਰਬੰਧਕਾਂ ਵਿੱਚੋਂ ਇੱਕ ਅਵਤਾਰ ਸਿੰਘ ਮੌਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਇਸ ਕਬੱਡੀ ਕੱਪ ਨੂੰ ਵੇਖਣ ਦੇ ਲਈ ਪੰਜਾਬ ਭਰ ਦੇ ਕੋਨੇ- ਕੋਨੇ ਵਿੱਚੋਂ ਖੇਡ ਪ੍ਰੇਮੀ ਪਹੁੰਚ ਰਹੇ ਹਨ, ਇਸ ਮੌਕੇ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਤੇ ਪ੍ਰਸਿੱਧ ਖੇਡ ਪ੍ਰੇਮੀ- ਕੁਲਦੀਪ ਸਿੰਘ ਸਾਮਣਾ, ਪਰਮਜੀਤ ਸਿੰਘ ਚੌਹਾਨ- ਡਾਇਰੈਕਟਰ ਜੇ. ਐਲ. ਪੀ. ਐਲ., ਅਵਤਾਰ ਸਿੰਘ ਮੌਲੀ ,ਸਤਿੰਦਰ ਸਿੰਘ ਮਿੱਠੂ- ਕੌਂਸਲਰ, ਬਾਵਾ ਮੌਲੀ, ਅਕਬਿੰਦਰ ਸਿੰਘ ਗੋਸਲ, ਰੂਪਾ ਸੋਹਣਾ, ਹਰਜੀਤ ਸਿੰਘ ਭੋਲੂ- ਕੌਂਸਲਰ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਮੁਹਤਰਮ ਖੇਡ ਪ੍ਰੇਮੀ ਵੀ ਹਾਜ਼ਰ ਰਹੇ , ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਸ ਕਬੱਡੀ ਕੱਪ ਦੇ ਆਯੋਜਕਾਂ ਦੇ ਵਿੱਚ ਲਾਲੀ ਵੈਦਵਾਨ ਕਲੱਬ ਪ੍ਰਧਾਨ ਤੋਂ ਇਲਾਵਾ ਜਸਵੰਤ ਸਿੰਘ ਲਾਲਾ ਚੇਅਰਮੈਨ, ਮਨਦੀਪ ਸਿੰਘ ਖਜਾਨਚੀ, ਗੁਰਸੇਵਕ ,ਹਰਜੋਤ ਸਿੰਘ ਗੱਬਰ ਮੌਲੀ ਵੈਦਵਾਨ ਵੱਲੋਂ ਕਬੱਡੀ ਕੱਪ ਦੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ, ਪ੍ਰਬੰਧਕਾਂ ਦੇ ਅਨੁਸਾਰ ਇਸ ਕਬੱਡੀ ਕੱਪ ਦੇ ਦੌਰਾਨ ਪ੍ਰਸਿੱਧ ਲੋਕ ਗਾਇਕ- ਲਾਭ ਹੀਰਾ ਦਾ ਖੁੱਲਾ ਅਖਾੜਾ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਰਹੇਗਾ।

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਹੋਵੇਗੀ ਵਿਸ਼ੇਸ਼ ਬਾਈਕ ਰਾਈਡ 15 ਨੂੰ: ਕਾਲਕਾ, ਕਾਹਲੋਂ

ਨਵੀਂ ਦਿੱਲੀ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਰਾਇਲ ਰਾਈਡਰਜ਼ ਗਰੁੱਪ ਵੱਲੋਂ 15 ਨਵੰਬਰ ਨੂੰ ਸਵੇਰੇ 7:00 ਵਜੇ ਵਿਸ ਬਾਈਕ ਰਾਈਡ ਕਰਵਾਈ ਜਾ ਰਹੀ ਹੈ । ਇਹ ਬਾਈਕ ਰਾਈਡ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਐਲ-ਬਲਾਕ, ਕਲਕਾਜੀ ਤੋਂ ਆਰੰਭ ਹੋ ਕੇ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਸਮਾਪਤ ਹੋਵੇਗੀ।



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਅਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਬਾਈਕ ਰਾਈਡ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ, ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਮਹਾਨ ਕੁਰਬਾਨੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਮਰ ਵਿਚਾਰਧਾਰਾ ਨੂੰ ਸ਼ਰਧਾ ਤੇ ਸਤਿਕਾਰ ਭੇਂਟ ਕਰਨ ਦਾ ਇੱਕ ਵਿਲੱਖਣ ਉਪਰਾਲਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋਵੇਂ ਆਗੂਆਂ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਮੁੱਚੀ ਮਨੁੱਖਤਾ ਲਈ ਧਾਰਮਿਕ ਆਜ਼ਾਦੀ, ਮਨੁੱਖੀ ਮਰਿਆਦਾ ਅਤੇ ਆਪਣੇ ਵਿਸ਼ਵਾਸਾਂ ਦੀ ਰਾਖੀ ਲਈ ਅਡੋਲ ਖੜ੍ਹੇ ਰਹਿਣ ਦੀ ਮਹਾਨ ਪ੍ਰੇਰਨਾ ਹੈ।

ਉਨਾਂ ਕਿਹਾ ਕਿ ਗੁਰੂ ਸਾਹਿਬ ਜੀ ਨੇ ਦੂਜਿਆਂ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਕਰਕੇ ਇਤਿਹਾਸ ਵਿੱਚ ਅਜਿਹੀ ਮਿਸਾਲ ਕਾਇਮ ਕੀਤੀ, ਜਿਸ ਦੀ ਮਹਾਨਤਾ ਸਦਾ ਸਮੁੱਚੇ ਵਿਸ਼ਵ ਨੂੰ ਰਾਹ ਦਿਖਾਉਂਦੀ ਰਹੇਗੀ।

ਸਰਦਾਰ ਕਾਲਕਾ ਅਤੇ ਸਰਦਾਰ ਕਾਹਲੋਂ ਨੇ ਸੰਗਤਾਂ ਅਤੇ ਮੋਟਰਸਾਈਕਲ ਪ੍ਰੇਮੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਵਿਸ਼ੇਸ਼ ਧਾਰਮਿਕ ਅਤੇ ਸ਼ਰਧਾਮਈ ਉਪਰਾਲੇ ਵਿੱਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਅਤੇ ਗੁਰੂ ਸਾਹਿਬ ਜੀ ਦੀ ਮਹਾਨ ਸ਼ਹਾਦਤ ਨੂੰ ਆਪਣੀ ਸ਼ਰਧਾ ਤੇ ਸਤਿਕਾਰ ਭੇਂਟ ਕਰਨ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਨੌਜਵਾਨ ਪੀੜ੍ਹੀ ਨੂੰ ਸਿੱਖ ਇਤਿਹਾਸ, ਕੁਰਬਾਨੀਆਂ ਅਤੇ ਗੁਰੂ ਸਾਹਿਬਾਨ ਦੀ ਸਰਬਸਾਂਝੀ ਵਿਚਾਰਧਾਰਾ ਨਾਲ ਜੋੜਨ ਵਿੱਚ ਵੀ ਵਡਮੁੱਲਾ ਯੋਗਦਾਨ ਪਾਉਂਦੇ ਹਨ ।

ਇਹ ਬਾਈਕ ਰਾਈਡ ਗੁਰੂ ਸਾਹਿਬ ਜੀ ਦੀ ਸ਼ਹਾਦਤ ਨੂੰ ਨਤਮਸਤਕ ਹੋਣ ਦੇ ਨਾਲ-ਨਾਲ ਉਨ੍ਹਾਂ ਦੇ ਸਰਬੱਤ ਦੇ ਭਲੇ, ਧਾਰਮਿਕ ਸਹਿਣਸ਼ੀਲਤਾ ਅਤੇ ਮਨੁੱਖਤਾ ਦੀ ਭਲਾਈ ਦੇ ਸੰਦੇਸ਼ ਨੂੰ ਅੱਗੇ ਪਹੁੰਚਾਉਣ ਦਾ ਇੱਕ ਸਾਰਥਕ ਯਤਨ ਹੋਵੇਗੀ।

ਪਦਉੱਨਤ ਹੋਏ ਡੀ. ਐਸ. ਪੀ. ਗੁਰਪ੍ਰੀਤ ਸਿੰਘ ਭਿੰਡਰ ਨੂੰ ਆਈ. ਜੀ. ਚਾਹਲ ਨੇ ਲਗਾਈ ਫੀਤੀ

ਪਟਿਆਲਾ, 17 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪੁਲਸ ਵਿਚ ਪਿਛਲੇ ਲੰਮੇਂ ਸਮੇਂ ਤੋਂ ਬਤੌਰ ਇੰਸਪੈਕਟਰ ਜਿਮੇਵਾਰੀ ਨਾਲ ਸੇਵਾਵਾਂ ਦੇਣ ਵਾਲੇ ਗੁਰਪ੍ਰੀਤ ਸਿੰਘ ਭਿੰਡਰ ਨੂੰ ਡੀ. ਐਸ. ਪੀ. ਵਜੋਂ ਪਦਉੱਨਤ ਕੀਤਾ ਗਿਆ ਹੈ। ਜਿਸ ਨੂੰ ਆਈ. ਜੀ. ਕੁਲਦੀਪ ਚਾਹਲ ਨੇ ਫੀਤੀ ਲਗਾ ਕੇ ਆਪਣੀ ਡਿਊਟੀ ਨੂੰ ਪਹਿਲਾਂ ਵਾਂਗ ਜਿਮੇਵਾਰੀ ਨਾਲ ਨਿਭਾਉਣ ਦੀ ਹਦਾਇਤ ਕੀਤੀ। ਜ਼ਿਕਰਯੋਗ ਹੈ ਕਿ ਗੁਰਪ੍ਰੀਤ ਸਿੰਘ ਭਿੰਡਰ ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਦੇ ਥਾਣਿਆਂ ਵਿਚ ਆਪਣੀ ਡਿਊਟੀ ਨੂੰ ਪਾਰਦਰਸ਼ੀ ਤਰੀਕੇ ਨਾਲ ਨਿਭਾ ਚੁੱਕੇ ਹਨ। ਜਿਨ੍ਹਾਂ ਨੇ ਲੋਕਾਂ ਦੇ ਬਹੁਤੇ ਮਸਲਿਆਂ ਨੂੰ ਥਾਣਿਆਂ ਵਿਚ ਹੀ ਪੰਚਾਇਤੀ ਰਾਜ਼ੀਨਾਮੇ ਕਰਵਾ ਕੇ ਨਬੇੜਿਆ ਹੈ। ਜਿਸ ਨਾਲ ਲੋਕਾਂ ਨੂੰ ਨੇੜੇ ਥਾਂ ਹੀ ਇਨਸਾਫ ਮਿਲਣ ਕਾਰਨ ਖੁਸ਼ੀ ਮਹਿਸੂਸ ਹੁੰਦੀ ਸੀ। ਉਥੇ ਹੀ ਦੱਸਣਯੋਗ ਹੈ ਕਿ ਗੁਰਪ੍ਰੀਤ ਸਿੰਘ



ਭਿੰਡਰ ਚੰਗੇ ਸਾਈਕਲਿਸਟ ਖਿਡਾਰੀ ਵੀ ਹਨ ਤਾਂ ਹੀ ਉਹ ਖੇਡ ਗਤੀਵਿਧੀਆਂ ਵਿਚ ਉਤਸ਼ਾਹ ਨਾਲ ਸ਼ਾਮਲ ਹੁੰਦੇ ਹਨ। ਉਨ੍ਹਾਂ ਦੇ ਡੀ. ਐਸ. ਪੀ. ਪਦਉੱਨਤ ਹੋਣ ਨਾਲ ਉਨ੍ਹਾਂ ਦੇ ਚਾਹੁਣ ਵਾਲਿਆਂ ਵਿਚ ਖੁਸ਼ੀ ਦਾ ਮਾਹੌਲ ਹਨ, ਜਿਨ੍ਹਾਂ ਵਿਚ ਵਾਤਾਵਰਣ ਪ੍ਰੇਮੀ ਹਰਦੀਪ ਸਿੰਘ ਖਹਿਰਾ, ਠੇਕੇਦਾਰ ਬਲਦੇਵ ਸਿੰਘ, ਕਰਮਜੀਤ ਸਿੰਘ ਕਰਮਾ ਰੱਖੜਾ, ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਹਰਦੀਪ ਸਿੰਘ ਸਨੌਰ, ਰਣਜੀਤ ਸਿੰਘ ਰੱਖੜਾ, ਹੌਲਦਾਰ ਕੁਲਦੀਪ ਸਿੰਘ ਤੇ ਜਸਬੀਰ ਸਿੰਘ ਰੁਪਾਣਾ ਦੇਵੀਨਗਰ ਵੀ ਸ਼ਾਮਲ ਹਨ।

'ਮੇਰਾ ਘਰ ਮੇਰੇ ਨਾਮ' ਯੋਜਨਾ ਤਹਿਤ ਅਮਨ ਅਰੋੜਾ ਨੇ ਸੁਨਾਮ ਹਲਕੇ ਦੇ ਅੱਠ ਪਿੰਡਾਂ ਦੇ 2,256 ਪਰਿਵਾਰਾਂ ਨੂੰ ਮਾਲਕੀ ਦਸਤਾਵੇਜ਼ ਸੌਂਪੇ



ਸੁਨਾਮ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਅੱਜ 'ਮੇਰਾ ਘਰ ਮੇਰੇ ਨਾਮ' ਯੋਜਨਾ ਤਹਿਤ ਸੁਨਾਮ ਵਿਧਾਨ ਸਭਾ ਹਲਕੇ ਦੇ ਅੱਠ ਪਿੰਡਾਂ ਵਿੱਚ ਕਰਵਾਏ ਵੰਡ ਸਮਾਗਮਾਂ ਦੌਰਾਨ 2,256 ਪਰਿਵਾਰਾਂ ਨੂੰ ਉਨ੍ਹਾਂ ਦੇ ਘਰਾਂ ਦੀ ਮਾਲਕੀ ਦੇ ਦਸਤਾਵੇਜ਼ ਸੌਂਪੇ। ਪਿੰਡ ਤੋਗਾਵਾਲ ਵਿਖੇ ਉਨ੍ਹਾਂ ਨੇ ਮਾਲਕੀ ਦਸਤਾਵੇਜ਼ਾਂ ਦੀ ਵੰਡ ਦੇ ਨਾਲ ਪਿੰਡ ਦੇ ਖੇਡ ਮੈਦਾਨ ਦਾ ਉਦਘਾਟਨ ਵੀ ਕੀਤਾ।

ਲਾਭਪਾਤਰੀ ਪਰਿਵਾਰਾਂ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ 'ਮੇਰਾ ਘਰ ਮੇਰੇ ਨਾਮ' ਯੋਜਨਾ ਦਾ ਉਦੇਸ਼ ਪਿੰਡਾਂ ਦੀ ਲਾਲ ਲਕੀਰ ਅੰਦਰ ਪੀੜ੍ਹੀਆਂ ਤੋਂ ਵੱਸਦੇ ਯੋਗ ਪਰਿਵਾਰਾਂ ਨੂੰ ਆਪਣੇ ਘਰਾਂ ਦੀ ਮਾਲਕੀ ਦਾ ਦਸਤਾਵੇਜ਼ੀ ਸਬੂਤ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਸਤਾਵੇਜ਼ਾਂ ਨਾਲ ਪਰਿਵਾਰਾਂ ਕੋਲ ਆਪਣੇ ਘਰ ਦੀ ਮਾਲਕੀ ਦਰਸਾਉਣ ਲਈ ਸਰਕਾਰੀ ਰਿਕਾਰਡ ਹੋਵੇਗਾ। ਪਿੰਡ ਪੱਧਰ 'ਤੇ ਵੰਡ ਸਮਾਗਮ ਕਰਵਾਉਣ ਨਾਲ ਲਾਭਪਾਤਰੀਆਂ ਨੂੰ ਆਪਣੇ ਪਿੰਡ ਵਿੱਚ ਹੀ ਦਸਤਾਵੇਜ਼ ਪ੍ਰਾਪਤ ਕਰਨ ਦੀ ਸਹੂਲਤ ਮਿਲੀ।

ਵੰਡ ਸਮਾਗਮਾਂ ਦੌਰਾਨ ਘਾਸੀਵਾਲ ਦੇ 140, ਚੌਵਾਸ ਦੇ 370, ਤੋਲਾਵਾਲ ਦੇ 380 ਅਤੇ ਬੀਰ ਕਲਾਂ ਦੇ 240 ਪਰਿਵਾਰਾਂ ਨੂੰ ਮਾਲਕੀ ਦਸਤਾਵੇਜ਼ ਸੌਂਪੇ ਗਏ। ਇਸੇ ਤਰ੍ਹਾਂ ਝਾੜੋਂ ਦੇ 300, ਸਾਹੋਕੇ ਦੇ 315, ਮੰਡੇਰ ਖੁਰਦ ਦੇ 229 ਅਤੇ ਤੋਗਾਵਾਲ ਦੇ 282 ਪਰਿਵਾਰਾਂ ਨੂੰ ਦਸਤਾਵੇਜ਼ ਦਿੱਤੇ ਗਏ। ਮੰਡੇਰ ਖੁਰਦ ਦਾ ਵੰਡ ਸਮਾਗਮ ਪਿੰਡ ਦੇ ਗੁਰੂ ਘਰ ਵਿਖੇ ਕਰਵਾਇਆ ਗਿਆ।

ਤੋਗਾਵਾਲ ਵਿਖੇ ਖੇਡ ਮੈਦਾਨ ਦਾ ਉਦਘਾਟਨ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਮੈਦਾਨ ਨਾਲ ਪਿੰਡ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਪਿੰਡ ਵਿੱਚ ਹੀ ਖੇਡਣ ਅਤੇ ਨ

ਸ਼ਬਦੋ ਵਲਜਾਰਿਓ

ਫਾਟਕ



ਪਰਮਜੀਤ ਢੀਂਗਰਾ
94173-58120

ਕੋਸ਼ਾਂ ਅਨੁਸਾਰ ਫਾਟਕ ਦਾ ਅਰਥ ਹੈ-ਵੱਡਾ ਦਰਵਾਜ਼ਾ, ਰੇਲ ਦੀ ਲਾਈਨ ਨੂੰ ਪਾਰ ਕਰਨ ਲਈ ਸੜਕ 'ਤੇ ਲਾਇਆ ਦਰਵਾਜ਼ਾ, ਅਵਾਰਾ ਪਸ਼ੂਆਂ ਨੂੰ ਬੰਦ ਕਰਨ ਦਾ ਸਰਕਾਰੀ ਹਾਤਾ, ਕਾਂਜੀ ਹਾਊਸ, ਫਾਟਕੀ-ਫਾਟਕ ਵਾਲਾ, ਚੌਕੀਦਾਰ, ਫਾਟਕੀਆ-ਚੌਕੀਦਾਰ, ਫਾਟਕੇ ਦੇਣਾ (ਮੁਹਾ.) ਕਿਸੇ ਅਵਾਰਾ ਪਸ਼ੂ ਨੂੰ ਕਾਂਜੀ ਹਾਊਸ ਛੱਡ ਆਉਣਾ।

ਅਕਸਰ ਬੰਦ ਦਰਵਾਜ਼ੇ ਨਹੀਂ ਖੁੱਲ੍ਹਦੇ ਜਿਵੇਂ ਪੰਜਾਬੀ ਗੀਤ ਹੈ-ਬੰਦ ਪਿਆ ਦਰਵਾਜ਼ਾ ਜਿਵੇਂ ਫਾਟਕ ਕੋਟਕਪੂਰੇ ਦਾ, ਨਾ ਖੁਲ੍ਹਣ ਵਾਲੇ ਦਰਵਾਜ਼ੇ ਤੋੜੇ ਜਾਂਦੇ ਹਨ ਜੇ ਫਿਰ ਵੀ ਰਾਹ ਨਾ ਬਣੇ ਤਾਂ ਵਿਸਫੋਟ ਕੀਤੇ ਜਾਂਦੇ ਹਨ। ਵਿਸਫੋਟ ਤੇ ਫਾਟਕ ਦੀ ਪੁਰਾਣੀ ਸਕੀਰੀ ਹੈ। ਜਿਸ ਧਾਤੂ ਤੋਂ ਵਿਸਫੋਟ ਬਣਿਆ ਹੈ ਓਸੇ ਤੋਂ ਬਣਿਆ ਹੈ-ਫਾਟਕ।

ਅੰਗਰੇਜ਼ੀ ਦਾ ਸ਼ਬਦ ਡੋਰ ਭਰੋਪੀ ਮੂਲ ਦਾ ਸ਼ਬਦ ਹੈ। ਇਸੇ ਮੂਲ ਤੋਂ ਸ਼ਬਦ ਦਰਾ ਬਣਿਆ ਹੈ ਭਾਵ ਦੋ ਪਹਾੜਾਂ ਵਿਚਕਾਰਲਾ ਤੰਗ ਰਾਹ ਜਿਸ ਰਾਹੀਂ ਪਰਬਤਵਾਸੀ ਪਹਾੜ ਪਾਰ ਕਰਦੇ ਹਨ। ਸੰਸਕ੍ਰਿਤ ਦੀ ਇਕ ਧਾਤੂ ਹੈ-'ਸਫਟ' ਜਿਸ ਵਿਚ ਵੰਡਣ ਦੀ ਕਿਰਿਆ ਹੈ, ਦੋ ਹਿੱਸਿਆਂ ਵਿਚ ਵੰਡਣਾ ਜਾਂ ਤੋੜਨਾ। ਤੋੜਨ ਨਾਲ ਕਿਸੇ ਵਸਤੂ ਦਾ ਵਿਸਥਾਰ ਹੁੰਦਾ ਹੈ। ਸਮੁੱਚੀ ਸ੍ਰਿਸ਼ਟੀ ਮਹਾਂਵਿਸਫੋਟ ਜਾਂ ਬਿਗਬੈਂਗ ਤੋਂ ਜਨਮੀ ਹੈ। ਸੰਸਕ੍ਰਿਤ ਦੀ 'ਸਫ' ਧੁਨੀ ਨਾਲ ਵੰਡਣ, ਤੋੜਨ, ਕੰਬਣ, ਫੈਲਾਅ ਆਦਿ ਦੇ ਭਾਵ ਜੁੜੇ ਹੋਏ ਹਨ।

ਫ਼ਰਤੀ, ਫ਼ਰਤੀਲਾ, ਸ਼ਬਦ ਇਸ ਦੇ ਸਗੋਤੀ ਹਨ, ਸਫ਼ਟ ਵਿਚ ਵੰਡਣ ਦਾ ਅਰਥ ਦਰਵਾਜ਼ੇ ਜਾਂ ਫਾਟਕ ਨਾਲ ਜੁੜਿਆ ਹੋਇਆ ਹੈ। ਜਾਨ ਪਲੈਟਸ ਦੇ ਹਿੰਦੋਸਤਾਨੀ-ਉਰਦੂ-ਇੰਗਲਿਸ਼ ਕੋਸ਼ ਅਨੁਸਾਰ ਇਹਦਾ ਸੰਸਕ੍ਰਿਤ ਰੂਪ ਹੈ-'ਸਫਾਟ+ਕ ' ਜਿਸ ਦਾ ਅਰਥ ਹੈ-ਦੁਆਰ, ਗੇਟ, ਦਰਾ, ਦਰਵਾਜ਼ਾ ਆਦਿ। ਸਪਸ਼ਟ ਹੈ ਜਿਥੋਂ ਪ੍ਰਵੇਸ਼ ਹੁੰਦਾ ਹੈ ਉਹ ਸਥਾਨ ਚੌੜਾ, ਫੈਲਿਆ ਹੋਇਆ ਹੁੰਦਾ ਹੈ।

ਦੋ ਪਲਿਆਂ ਦੀ ਕਲਪਨਾ ਕਰੋ ਤਾਂ ਇਹ ਗੱਲ ਪੱਲੇ ਪੈ ਜਾਂਦੀ ਹੈ ਕਿ ਸਫ਼ਟ ਵਿਚ ਵੰਡਣ ਜਾਂ ਅਲੱਗ-ਅਲੱਗ ਕਰਨ ਦੇ ਅਰਥ ਫਾਟਕ ਦੇ ਸੰਦਰਭ ਵਿਚ ਪਏ ਹਨ। ਰਾਮ ਚੰਦਰ ਵਰਮਾ ਦਾ ਮੱਤ ਹੈ ਕਿ ਕਪਾਟ ਦਾ ਰੂਪਾਂਤਰ ਕਪਾਟਕ-ਕਪਾਟ-ਦਰਵਾਜ਼ਾ ਹੈ। ਇਸ ਵਿਚ 'ਕ' ਲੁਪਤ ਹੋ ਕੇ ਪਾਟਕ ਬਣਿਆ ਜੋ ਬਾਅਦ ਵਿਚ ਫਾਟਕ ਬਣਿਆ। ਇਸ ਦਾ ਇਕ ਸ਼ਬਦ 'ਕਿਵਾੜ' ਵੀ ਹੈ ਜਿਵੇਂ ਹਰਿਮੰਦਰ ਸਾਹਿਬ ਵਿਚ ਵੱਡੇ ਦਰਵਾਜ਼ੇ ਹਨ ਤੇ ਉਨ੍ਹਾਂ ਨੂੰ ਕਿਵਾੜ ਕਿਹਾ ਜਾਂਦਾ ਹੈ।

ਤੇਜ਼ ਧਮਾਕੇ ਲਈ ਵਿਸਫੋਟ ਸ਼ਬਦ ਪ੍ਰਚਲਤ ਹੈ। ਧਮਾਕਾ ਤੇਜ਼ ਆਵਾਜ਼ ਨਾਲ ਕਿਸੇ ਚੀਜ਼ ਨੂੰ ਵੰਡ ਕੇ ਫੈਲਾ ਦਿੰਦਾ ਹੈ। ਫਟਣਾ ਸਫ਼ੱਟ ਤੋਂ ਹੀ ਬਣਿਆ ਹੈ। ਬੰਬ ਦਾ ਫਟਣਾ ਵਿਸਫੋਟ ਹੀ ਹੈ। ਭਾਵੇਂ ਇਸ ਨੂੰ ਦਰਵਾਜ਼ੇ ਜਾਂ ਫਾਟਕ ਨਾਲ ਨਹੀਂ ਜੋੜਿਆ ਜਾ ਸਕਦਾ ਪਰ ਵੰਡਣ ਦੀ ਕਿਰਿਆ ਜ਼ਰੂਰ ਇਸ ਨਾਲ ਜੁੜਦੀ ਹੈ।

ਸਫ਼ਟ ਦੀ ਕੜੀ ਵਿਚ ਸਫ਼ਰ, ਸਫ਼ਲ ਧਾਤੂ ਆਉਂਦੀ ਹੈ। ਸਫ਼ਰ ਦਾ ਅਗਲਾ ਰੂਪ ਸਫ਼ਲ ਹੈ ਜਿਸ ਦਾ ਅਰਥ ਹੈ ਕੰਬਣਾ, ਵਿਸਥਾਰ ਦੇਣਾ। ਸੰਸਕ੍ਰਿਤ ਦੀ ਇਕ ਧਾਤੂ ਹੈ 'ਡ੍ਰ' ਡੁਕ ਮਾਰਨਾ, ਹਵਾ ਭਰਨਾ ਇਹ ਵਿਸਥਾਰ ਦੀ ਕਿਰਿਆ ਨੂੰ ਦਸਦੇ ਹਨ। ਫਲਣਾ, ਫੁਲਣਾ, ਫਲ, ਫੁੱਲ ਇਸੇ ਕੜੀ ਦੇ ਸ਼ਬਦ ਹਨ, ਫੁਲਕਾ ਵੀ ਫੁਲਣ ਜਾਂ ਵਿਸਥਾਰ ਦੇ ਭਾਵ ਨੂੰ ਦਰਸਾਉਂਦਾ ਹੈ, ਹੱਲ ਦੇ ਹੇਠਲਾ ਸਿਰਾ ਫਲ ਜਿਹੜਾ ਤਿਖੇ ਲੋਹੇ ਦਾ ਹੁੰਦਾ ਹੈ ਇਹ ਧਰਤੀ ਨੂੰ ਦੋਫਾੜ ਕਰ ਦਿੰਦਾ ਹੈ।

ਪਾਣੀ ਵੀ ਧਰਤੀ 'ਚੋਂ ਸਫ਼ਟ ਕੇ ਹੀ ਨਿਕਲਦਾ ਹੈ। ਇਹ ਫਟਣਾ ਹੀ ਸਫ਼ਟ ਤੋਂ ਬਣਿਆ ਹੈ ਤੇ ਫਟਣਾ ਹੀ ਵਿਸਫੋਟ ਹੈ। ਇਸ ਤਰ੍ਹਾਂ ਇਹਦਾ ਮੁਖ ਭਾਵ ਵਿਸਥਾਰ ਹੈ। ਦਰਵਾਜ਼ਾ, ਫਾਟਕ ਖੁੱਲ੍ਹ ਕੇ ਵਿਸਥਾਰ ਹੀ ਦਿੰਦੇ ਹਨ। ਇਸ ਤਰ੍ਹਾਂ ਵਿਸਫੋਟ ਤੇ ਫਾਟਕ ਨੂੰ ਸਗੋਤੀ ਕਿਹਾ ਜਾ ਸਕਦਾ ਹੈ। •

ਪੰਜਾਬੀ ਦੇ ਵਿਕਾਸ ਲਈ ਯਤਨਸ਼ੀਲ

ਵਰਿੰਦਰ ਪਾਲ ਸਿੰਘ ਭੁੱਲਰ



• ਬਲਵਿੰਦਰ 'ਬਾਲਮ'
98156-25409

ਐਡਮਿੰਟਨ ਵਿਚ ਪੰਜਾਬੀ ਮਾਂ ਬੋਲੀ, ਭਾਸ਼ਾ, ਸੱਭਿਆਚਾਰਕ, ਵਿਰਸਾ, ਵਿਰਾਸਤ ਲਈ ਕਰਮਠ, ਉੱਦਮੀ ਅਤੇ ਪੁਰਸ਼ਾਰਥ ਸ਼ਖ਼ਸੀਅਤ ਹਨ ਵਰਿੰਦਰ ਪਾਲ ਸਿੰਘ ਭੁੱਲਰ। ਉਨ੍ਹਾਂ ਨੇ ਪੰਜਾਬੀ ਮਾਂ ਬੋਲੀ, ਭਾਸ਼ਾ, ਸੱਭਿਆਚਾਰ, ਵਿਰਸਾ, ਵਿਰਾਸਤ ਲਈ ਕਈ ਪ੍ਰਯੋਜਨ ਸ਼ੁਰੂ ਕਰ ਰੱਖੇ ਹਨ। ਉਹ ਪੰਜਾਬ ਦੇ ਪਿੰਡ ਮਦਰੱਸਾ ਜ਼ਿਲ੍ਹਾ ਮੁਕਤਸਰ ਦਾ ਰਹਿਣ ਵਾਲਾ ਹੈ। ਉਸ ਦੇ ਮਾਤਾ ਪਿਤਾ ਦਾ ਨਾਂ ਮਹਿਦਰ ਸਿੰਘ ਭੁੱਲਰ ਜੋ ਲੇਖਕ ਹਨ ਅਤੇ ਮਾਤਾ ਸਵਰਗੀਏ ਰਾਜਿੰਦਰ ਕੌਰ ਹੈ।

ਡੀਏਵੀ ਕਾਲਜ ਜਲੰਧਰ ਤੋਂ ਐੱਮਏ ਮੈਥ ਦੀ ਸਿੱਖਿਆ ਹਾਸਲ ਕੀਤੀ ਤੇ 1992 ਵਿਚ ਕਨੇਡਾ ਦੀ ਧਰਤੀ 'ਤੇ ਆ ਵਸਿਆ। ਉਮਰ ਦੀ ਮਾਲਾ ਦੇ 50ਵੇਂ ਮਣਕੇ ਨੂੰ ਪਾਰ ਕਰ ਚੁੱਕਾ ਭੁੱਲਰ ਨੇ ਇਕ ਛੋਟੇ ਪਦ ਵਾਲੀ ਨੌਕਰੀ ਤੋਂ ਸ਼ੁਰੂ ਹੋ ਕੇ ਮਿਹਨਤ ਅਤੇ ਸੰਘਰਸ਼ ਦੇ ਬਲਬੂਤੇ 'ਤੇ ਅਮਰੀਕਾ ਦੀ ਵਿਸ਼ਵ ਪ੍ਰਸਿੱਧ ਕੰਪਨੀ ਗਿਲਿਅਡ (ਦਵਾਈਆਂ ਦੀ ਕੰਪਨੀ) ਵਿਚ ਟਰੇਨਿੰਗ ਅਫਸਰ ਵਜੋਂ ਕੰਮ ਕਰ ਰਿਹਾ ਭੁੱਲਰ ਲੇਖਕ ਚੰਗੀ ਲੇਖਕ ਵੀ ਹੈ। ਇਹ ਉਹ ਕੰਪਨੀ ਹੈ ਜਿਸ ਨੇ ਸਭ ਤੋਂ ਪਹਿਲਾਂ 'ਕਾਲੇ ਪੀਲੀਏ' ਦੇ ਇਲਾਜ ਲਈ ਦਵਾਈ ਦੀ ਖੋਜ ਕੀਤੀ। ਇਸ ਕੰਪਨੀ ਦੇ ਅਮਰੀਕਾ ਵਿਚ 9 ਹਜ਼ਾਰ ਮੁਲਾਜ਼ਮ ਹਨ ਅਤੇ ਐਡਮਿੰਟਨ ਵਿਚ ਲਗਪਗ 400 ਮੁਲਾਜ਼ਮ ਹੈ।

ਉਹ ਸਰਕਾਰੀ, ਗ਼ੈਰ-ਸਰਕਾਰੀ ਸੰਸਥਾਵਾਂ, ਸੁਸਾਇਟੀਆਂ ਦੇ ਪ੍ਰਧਾਨ, ਜਨਰਲ ਸਕੱਤਰ ਅਤੇ ਹੋਰ ਅਹੁਦਿਆਂ ਉੱਪਰ ਵੀ ਕਾਰਜ ਕਰਦਾ ਆ ਰਿਹਾ ਹੈ। ਉਹ ਐਡਮਿੰਟਨ ਦੀਆਂ ਉੱਚ ਸੰਸਥਾਵਾਂ ਵੱਲੋਂ ਕਈ ਮਹੱਤਵਪੂਰਨ ਮਾਣ-ਸਨਮਾਨ ਲੈ ਚੁੱਕਾ ਹਨ। ਉਹ ਪੰਜਾਬੀ ਮਾਂ ਬੋਲੀ ਨੂੰ ਕੈਨੇਡਾ ਵਿਚ ਹੋਰ ਪ੍ਰਫੁੱਲਤ ਕਰਨ ਅਤੇ ਘਰ-ਘਰ ਪਹੁੰਚਾਉਣ ਲਈ ਲਗਪਗ 2001 ਤੋਂ ਕਾਰਜਸ਼ੀਲ ਹੈ। ਵਿਸ਼ੇਸ਼ ਤੌਰ 'ਤੇ ਪੰਜਾਬੀ ਮਾਂ ਬੋਲੀ ਨੂੰ ਸਮਰਪਤ ਇਕ ਮਸ਼ਹੂਰ ਸੰਸਥਾ 'ਗ੍ਰੀਨ ਸਕਾਲਰਜ਼ ਆਫ ਅਲਬਰਟਾ' ਦਾ ਬਾਨੀ ਅਤੇ ਪ੍ਰਧਾਨ ਹੈ। ਇਸ ਸੰਸਥਾ ਦੇ ਹਰ ਵਿਧੀ-ਕਾਰਜ ਦੇ ਉਹ ਸੂਤਰਧਾਰ ਹਨ।

ਅਲਬਰਟਾ ਸਰਕਾਰ ਵੱਲੋਂ 2012 ਵਿਚ ਇਹ ਸੰਸਥਾ ਪੰਜੀਕ੍ਰਿਤ ਹੋਈ। ਉਨ੍ਹਾਂ ਪੰਜਾਬੀ ਭਾਸ਼ਾ ਦੀ ਉੱਨਤੀ ਲਈ ਸਭ ਤੋਂ ਪਹਿਲਾ ਕੈਂਪ 2001 ਵਿਚ ਲਗਾਇਆ ਤੇ ਫਿਰ ਲਗਾਤਾਰ ਮਿਹਨਤ, ਉੱਦਮ, ਪ੍ਰਚਾਰ, ਪਸਾਰ ਕਰਦੇ ਹੋਏ ਮਾਂ ਬੋਲੀ ਦੇ ਕਾਮਯਾਬ ਅਨੁਯਾਈ ਦੇ ਫ਼ਰਜ਼ ਨਿਭਾਏ ਆ ਰਹੇ ਹਨ।

ਉਨ੍ਹਾਂ 35 ਬੱਚਿਆਂ ਤੋਂ ਕਾਰਜ ਸ਼ੁਰੂ ਕਰ ਕੇ ਵਰਤਮਾਨ ਵਿਚ ਲਗਪਗ 700 ਦੇ ਕਰੀਬ ਬੱਚੇ ਭਾਗ ਲੈ ਕੇ ਗਏ। ਬਹੁਤ ਸਾਰੇ ਬੱਚਿਆਂ ਨੂੰ ਨਿਸ਼ਚਿਤ ਮਿਤੀ ਤਕ ਦਾਖ਼ਲਾ (ਰਜਿਸਟ੍ਰੇਸ਼ਨ) ਨਹੀਂ ਮਿਲ ਸਕਿਆ। ਛੋਟੇ ਬੱਚਿਆਂ ਤੋਂ ਲੈ ਕੇ 15 ਸਾਲ ਤਕ ਦੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣਾ, ਸਿਖਾਉਣਾ, ਬੋਲਣਾ, ਲਿਖਣਾ, ਉਚਾਰਣ ਅਤੇ ਇਸ ਤੋਂ ਇਲਾਵਾ ਪੰਜਾਬੀ ਸੱਭਿਆਚਾਰਕ, ਕਿਰਿਆਵਾਂ ਨਾਲ ਜੋੜਣਾ ਤਾਂ ਜੋ ਬੱਚੇ ਆਪਣੇ ਸੱਭਿਆਚਾਰ, ਪਹਿਰਾਵੇ, ਭੰਗੜਾ, ਗਿੱਧਾ, ਲੋਕ ਨਾਚ, ਗੀਤ, ਨਾਟਕ, ਲੇਖ, ਸਾਹਿਤ ਦੀਆਂ ਸਾਰੀਆਂ ਵਿਧਾਵਾਂ, ਨਸ਼ਿਆਂ ਖ਼ਿਲਾਫ਼ ਮੁਹਿੰਮ, ਪੇਟਿੰਗਸ ਆਦਿ ਨਾਲ ਸ਼ਿੱਦਤ ਤੇ ਖੇਚਲ ਨਾਲ ਜੋੜ ਕੇ ਰੱਖਣਾ ਹੈ।

ਇਸ ਤੋਂ ਇਲਾਵਾ ਸਰਕਾਰੀ, ਗ਼ੈਰ-ਸਰਕਾਰੀ ਸਕੂਲਾਂ, ਕਾਲਜਾਂ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਵਾਉਣ, ਪੜ੍ਹਾਉਣ ਸਬੰਧੀ ਸਫ਼ਲ ਯਤਨ ਕਰਦੀ ਹੈ। ਕਨੇਡਾ ਵਿਚ ਹਰ ਬੱਚੇ ਨੂੰ ਦੂਸਰੀ ਭਾਸ਼ਾ ਲੈਣੀ ਜ਼ਰੂਰੀ ਹੈ। ਜੇ ਬੱਚੇ ਕਿਸੇ ਵੀ ਸਕੂਲ ਵਿਚ ਦਸ ਤੋਂ ਜ਼ਿਆਦਾ ਹੋ ਜਾਣ ਤਾਂ ਉੱਥੇ ਅਧਿਆਪਕ ਮੁਹੱਈਆ ਕੀਤਾ ਜਾਂਦਾ ਹੈ। ਇਹ ਸੰਸਥਾ ਮੁਹਿਆਰਾਂ ਅਤੇ ਔਰਤਾਂ ਲਈ ਕਈ ਤਰ੍ਹਾਂ ਦੇ ਪੰਜਾਬੀ ਸੱਭਿਆਚਾਰਕ ਮੇਲੇ ਵੀ ਕਰਵਾਉਂਦੀ ਹੈ, ਜਿਸ ਵਿਚ ਤੀਆਂ ਦੇ ਮੇਲੇ, ਸਾਉਣ ਮਹੀਨਾ, ਗੁਰਬਾਣੀ ਵਿਚਾਰ, ਕਵਿਤਾਵਾਂ, ਲੇਖ ਅਤੇ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਕਿਸੇ ਵੀ ਕਲਾ, ਵਿਧਾ, ਫਨ ਵਿਚ ਕੋਈ ਵੀ ਭਾਗ ਲੈ ਸਕਦਾ ਹੈ। ਭਾਗ ਲੈਣ ਵਾਲੇ ਨੂੰ ਸਰਟੀਫਿਕੇਟ ਤੇ ਮਾਣ-ਸਨਮਾਨ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

ਇਹ ਸੰਸਥਾ ਸਿਹਤ ਸਬੰਧੀ, ਵਿਅੰਜਨ-ਖਾਣੇ, ਸ਼ੁਧ ਵਾਤਾਵਰਨ, ਰੁੱਖ ਲਗਾਉਣੇ, ਸਫ਼ਾਈ ਬਾਰੇ, ਸਾਂਝੀਵਾਲਤਾ ਆਦਿ ਕਾਰਜਾਂ ਵਿਚ ਜੁਟੀ ਹੋਈ ਹੈ।

ਪੰਜਾਬ ਯੂਥ ਸੀਨੀਅਰਜ਼ ਲਈ (ਲੜਕੇ, ਲੜਕੀਆਂ) ਦੇ ਕੈਂਪ ਲਗਾਉਣਾ ਆਦਿ। ਗ੍ਰੀਨ ਸਕਾਲਰਜ਼ ਆਫ ਅਲਬਰਟਾ ਕੋਲ ਜ਼ਰੂਰਤਮੰਦ ਅਧਿਆਪਕਾਂ, ਵਲੰਟੀਅਰਾਂ, ਸਹਿਯੋਗੀਆਂ ਦੀ ਗਿਣਤੀ ਬਣੀ ਰਹਿੰਦੀ ਹੈ। ਇਸ ਸਾਲ ਇਨ੍ਹਾਂ ਕੋਲ 28 ਅਧਿਆਪਕ ਅਤੇ 60 ਵਿਦਿਆਰਥੀ ਲੜਕੇ-ਲੜਕੀਆਂ, ਸਿਆਣੇ, ਲੇਖਕ ਆਦਿ ਵਲੰਟੀਅਰ ਦੇ ਫ਼ਰਜ਼ ਨਿਭਾਅ ਚੁੱਕੇ ਹਨ। ਹੋਣਹਾਰ ਅਤੇ ਹਿੱਸਾ ਲੈਂਦੇ ਸਭਨਾਂ ਨੂੰ ਸਰਟੀਫਿਕੇਟਸ ਤੇ ਹੋਰ ਮਾਣ-ਸਨਮਾਨ ਦਿੱਤਾ ਜਾਂਦਾ ਹੈ। ਇਸ ਮੌਕੇ ਤੇ ਐੱਮਐੱਲਏ ਮਨਿਸਟਰ ਅਤੇ ਸਥਾਨਕ ਪਤਵੰਤੇ ਉਦਯੋਗਪਤੀ ਸੱਜਣ ਹਾਜ਼ਰੀ ਭਰਦੇ ਹਨ ਅਤੇ ਆਰਥਿਕ ਸਹਿਯੋਗ ਵੀ ਦਿੰਦੇ ਹਨ। ਇਨ੍ਹਾਂ ਸਮਾਗਮਾਂ ਵਿਚ ਵਿਦਿਆਰਥੀਆਂ ਦੇ ਸਮਾਗਮ ਵਿਚ ਮਾਪੇ ਮੌਜੂਦ ਹੁੰਦੇ ਹਨ। ਇੱਥੇ ਹੱਸਦੇ-ਵਸਦੇ ਪੰਜਾਬ ਦਾ ਦ੍ਰਿਸ਼ ਵੇਖਣ ਨੂੰ ਮਿਲਦਾ ਹੈ।

ਵਰਿੰਦਰ ਨੇ ਦੱਸਿਆ ਅਨੁਸਾਰ ਐਡਮਿੰਟਨ ਵਿਚ ਲਗਪਗ 40 ਹਜ਼ਾਰ ਦੇ ਕਰੀਬ ਪੰਜਾਬੀ ਰਹਿੰਦੇ ਹਨ ਅਤੇ ਇੱਥੇ ਪੰਜਾਬੀਆਂ ਦੇ ਬਹੁਤ ਵੱਡੇ ਕਾਰੋਬਾਰ ਵੀ ਹਨ। ਇਹ ਲੋਕ ਸੰਸਥਾ ਦੇ ਹਮੇਸ਼ਾ ਸਹਿਯੋਗੀ ਰਹਿੰਦੇ ਹਨ, ਜਿਨ੍ਹਾਂ ਵਿਚ ਮਨਿਸਟਰ ਕ੍ਰਿਸਟੀਨਾ ਗੇਅਰ, ਵਿਧਾਇਕ ਰੌਡ ਲੋਇਲਾ, ਮਹਿੰਦਰ ਖੈਰਾ, ਬ੍ਰਿਜਟ ਸਰਲਿੰਗ ਅਤੇ ਸਕੂਲ ਮੁਖੀ ਹਨ।

ਭੁੱਲਰ ਦਾ ਵਿਚਾਰ ਹੈ ਕਿ ਬੱਚਿਆਂ ਨੂੰ ਆਪਣੇ ਸੱਭਿਆਚਾਰ ਨਾਲ ਜੋੜਨ ਲਈ ਸੱਭਿਆਚਾਰਕ ਕਾਰਜਾਂ ਦਾ ਹੋਣਾ ਜ਼ਰੂਰੀ ਹੈ। ਬਹੁਤ ਸਾਰੀਆਂ ਬੋਲੀਆਂ ਹੌਲੀ-ਹੌਲੀ ਲੋਪ ਹੋ ਰਹੀਆਂ ਹਨ। ਪੰਜਾਬੀ ਭਾਸ਼ਾ ਲਈ ਹੋਰ ਯਤਨ ਨਿਰੰਤਰ ਜਾਰੀ ਰੱਖਣ ਦੀ ਜ਼ਰੂਰਤ ਹੈ। ਉਨ੍ਹਾਂ ਅਨੁਸਾਰ ਭਾਸ਼ਾ ਸ਼ਬਦਾਂ ਦੀ ਰਚਨਾ ਹੈ ਅਤੇ ਸ਼ਬਦ ਸਮਾਜਿਕ ਸਮਰਿਤੀ ਚਿੰਨ੍ਹ ਹੁੰਦੇ ਹਨ।

ਆਰਥਿਕ, ਸਮਾਜਿਕ ਵਿਵਸਥਾ, ਵਿਗਿਆਨ, ਉਦਯੋਗ ਵਿਕਾਸ, ਭੂ-ਮੰਡਲੀਕਰਣ, ਕੰਪਿਊਟਰੀਕਰਨ ਸਾਹਿਤ, ਪੱਛਮੀ ਸੱਭਿਅਤਾ ਦੀ ਵੰਨਗੀ, ਆਪਾ-ਧਾਪੀ ਵਿਚ ਮਨੁੱਖ ਨੂੰ ਨਾ ਕੇਵਲ ਆਪਣੇ ਨਾਲ ਬਲਕਿ ਆਪਣੇ ਸਮੇਂ ਨਾਲ ਵੀ ਸੰਘਰਸ਼ ਕਰਨਾ ਪੈਂਦਾ ਹੈ ਅਤੇ ਆਪਣੇ ਪਿੱਛੇ ਇੱਕ ਐਸੀ ਪਰੰਪਰਾ ਛੱਡਣੀ ਪੈਂਦੀ ਹੈ ਜੋ ਪੀੜ੍ਹੀਆਂ ਵਿਚ ਜਗਦੇ ਸੂਰਜ ਦਾ ਕਾਰਜ ਕਰਦੀ ਹੈ, ਇਸ ਲਈ ਖੇਤਰੀ ਭਾਸ਼ਾਵਾਂ ਨੂੰ ਉਨ੍ਹਾਂ ਦੇ ਬਰਾਬਰ ਹੱਲਾ ਮਾਰਨਾ ਪਵੇਗਾ। ਅੱਜਕਲ੍ਹ ਦੇ ਨੌਜਵਾਨਾਂ ਵਿਚ ਮੁਹਾਵਰੇ, ਲਕੋਕਤੀਆਂ, ਵਿਰਸਾ, ਹਾਸਾ-ਠੱਠਾ, ਮਜ਼ਾਕ ਠਿਠੋਲੀ ਆਦਿ ਖ਼ਤਮ ਹੋ ਚੁੱਕੇ ਹਨ। ਵਰਿੰਦਰ ਪਾਲ ਸਿੰਘ ਭੁੱਲਰ 'ਤੇ ਪੰਜਾਬੀਆਂ ਨੂੰ ਮਾਣ ਹੈ। ਉਮੀਦ ਹੈ ਉਹ ਭਵਿੱਖ ਵਿਚ ਵੀ ਮਾਂ ਬੋਲੀ, ਭਾਸ਼ਾ, ਸੱਭਿਆਚਾਰ ਦੀ ਜੋਤ ਨੂੰ ਮਿਹਨਤ ਤੇ ਉੱਦਮ ਦਾ ਘਿਉ ਪਾ-ਪਾ ਕੇ ਮਘਦੀ ਰੱਖਣਗੇ। •

ਸੂਤਰਧਾਰ

ਭੁੱਲਰ ਕਈ ਸੰਸਥਾਵਾਂ ਦੇ ਅਹੁਦਿਆਂ 'ਤੇ ਕਾਰਜ ਕਰ ਰਿਹਾ ਹੈ। ਉਹ ਐਡਮਿੰਟਨ ਦੀਆਂ ਉੱਚ ਸੰਸਥਾਵਾਂ ਵੱਲੋਂ ਕਈ ਮਹੱਤਵਪੂਰਨ ਮਾਣ-ਸਨਮਾਨ ਲੈ ਚੁੱਕਾ ਹੈ। ਪੰਜਾਬੀ ਮਾਂ ਬੋਲੀ ਨੂੰ ਕੈਨੇਡਾ ਵਿਚ ਪ੍ਰਫੁੱਲਤ ਕਰਨ ਅਤੇ ਘਰ-ਘਰ ਪਹੁੰਚਾਉਣ ਲਈ ਮਸ਼ਹੂਰ ਸੰਸਥਾ 'ਗ੍ਰੀਨ ਸਕਾਲਰਜ਼ ਆਫ ਅਲਬਰਟਾ' ਦਾ ਬਾਨੀ ਅਤੇ ਪ੍ਰਧਾਨ ਹੈ ਜਾਂ ਕਹਿ ਲੋ ਹਰ ਵਿਧੀ-ਕਾਰਜ ਦਾ ਉਹ ਸੂਤਰਧਾਰ ਹੈ...



ਮਿਹਨਤ ਤੇ ਸੰਘਰਸ਼

ਉਮਰ ਦੇ 50ਵੇਂ ਵਰ੍ਹੇ ਨੂੰ ਪਾਰ ਕਰ ਚੁੱਕਾ, ਛੋਟੀ ਜਿਹੀ ਨੌਕਰੀ ਤੋਂ ਸ਼ੁਰੂ ਹੋ ਕੇ ਮਿਹਨਤ ਤੇ ਸੰਘਰਸ਼ ਦੇ ਬਲਬੂਤੇ ਨਾਲ ਅਮਰੀਕਾ ਦੀ ਵਿਸ਼ਵ ਪ੍ਰਸਿੱਧ ਕੰਪਨੀ 'ਗਿਲੀਅਡ' ਵਿਚ ਉੱਚ ਅਹੁਦੇ ਤਕ ਹੀ ਨਹੀਂ ਪਹੁੰਚਿਆ ਸਗੋਂ ਵਧੀਆ ਲੇਖਕ ਵੀ ਹੈ...

ਯੂ. ਅੱਛਰੂ ਸਿੰਘ ਦੁਆਰਾ ਦੋ ਸ਼੍ਰੋਮਣੀ ਲੇਖਕਾਂ ਦੀਆਂ ਅਨੁਵਾਦ ਕੀਤੀਆਂ ਨਜ਼ਮਾਂ



98155-01381

ਸਾਰਾ ਸੰਸਾਰ ਹੈ ਇਕ ਰੰਗਮੰਚ

ਸਾਰਾ ਸੰਸਾਰ ਹੈ ਇਕ ਰੰਗ-ਮੰਚ
ਅਤੇ ਸਾਰੇ ਮਰਦ-ਔਰਤਾਂ ਹਨ
ਕੇਵਲ ਅਦਾਕਾਰ।
ਉਹ ਕਰਦੇ ਹਨ ਇਸ 'ਤੇ ਪ੍ਰਵੇਸ਼
ਅਤੇ ਇੱਥੋਂ ਜਾਂਦੇ ਹਨ ਚਲੇ,
ਅਤੇ ਹਰ ਮਨੁੱਖ ਆਪਣੇ ਜੀਵਨ ਵਿਚ
ਨਿਭਾਉਂਦਾ ਹੈ ਕਈ ਭੂਮਿਕਾਵਾਂ,
ਜਿਨ੍ਹਾਂ ਨੂੰ ਅਸੀਂ ਵੰਡ ਸਕਦੇ ਹਾਂ
ਸੱਤ ਭਾਗਾਂ ਵਿਚਕਾਰ।

ਸਭ ਤੋਂ ਪਹਿਲਾਂ ਮਨੁੱਖ
ਹੁੰਦਾ ਹੈ ਮਾਸੂਮ ਬੱਚਾ,
ਆਪਣੀ ਆਇਆ ਦੀਆਂ ਬਾਹਾਂ ਵਿਚ
ਰੋਂਦਾ ਅਤੇ ਦੁੱਧ ਸੁੱਟਦਾ ਹੋਇਆ।
ਫਿਰ ਰੋਂਦਾ-ਕੁਰਲਾਂਦਾ ਸਕੂਲੀ ਬੱਚਾ,
ਕੋਲ ਆਪਣਾ ਬਸਤਾ,
ਸਵੇਰ ਵਾਂਗ ਚਮਕਦਾ ਚਿਹਰਾ
ਤੇ ਕਿਸੇ ਘੋਗੇ ਵਾਂਗ,
ਹੌਲੀ-ਹੌਲੀ ਰੀਂਗਦਾ ਹੋਇਆ
ਬਿਨਾਂ ਇੱਛਾ ਦੇ ਜਾਂਦਾ ਹੈ ਸਕੂਲ।

ਫਿਰ

ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਔਨਲਾਈਨ ਜਨਗਣਨਾ ਦੇ ਦੂਜੇ ਪੜਾਅ ਦੀ ਸ਼ੁਰੂਆਤ

ਦੂਜੇ ਪੜਾਅ ਵਿੱਚ ਪਰਿਵਾਰਕ ਮੈਂਬਰਾਂ, ਆਮਦਨ, ਰਿਹਾਇਸ਼ ਅਤੇ ਸਿੱਖਿਆ ਦੇ ਵੇਰਵਿਆਂ ਦੀ ਲੋੜ: ਮਾਨ

ਸੰਗਰੂਰ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਆਪਣੀ ਅਤੇ ਆਪਣੇ ਪਰਿਵਾਰ ਦੀ ਸਵੈ-ਗਣਨਾ ਪੂਰੀ ਕਰ ਕੇ ਜਨਗਣਨਾ 2027 ਦੇ ਦੂਜੇ ਪੜਾਅ ਦੀ ਸ਼ੁਰੂਆਤ ਕੀਤੀ ਅਤੇ ਹਰ ਪੰਜਾਬੀ ਨੂੰ ਇਸ ਅਹਿਮ ਕੌਮੀ ਕਾਰਜ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦਾ ਸੱਦਾ ਦਿੱਤਾ।

ਲੋਕਾਂ ਨੂੰ 16 ਤੋਂ 30 ਨਵੰਬਰ ਤੱਕ ਆਪਣੀ ਔਨਲਾਈਨ ਸਵੈ-ਗਣਨਾ ਪੂਰੀ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਪਰਿਵਾਰਾਂ, ਪਰਿਵਾਰਕ ਮੈਂਬਰਾਂ, ਆਮਦਨ, ਸਿੱਖਿਆ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ ਬਾਰੇ ਸਹੀ ਅੰਕੜੇ ਪੰਜਾਬ ਦੀ ਭਵਿੱਖੀ ਯੋਜਨਾਬੰਦੀ ਅਤੇ ਵਿਕਾਸ ਨੀਤੀਆਂ ਦੀ ਨੀਂਹ ਬਣਨਗੇ। ਲੋਕਾਂ ਨੂੰ ਇਹ ਭਰੋਸਾ ਦਿਵਾਉਂਦਿਆਂ ਕਿ ਇਸ ਲਈ ਕਿਸੇ ਵੀ ਦਸਤਾਵੇਜ਼ ਦੀ ਲੋੜ ਨਹੀਂ ਪਵੇਗੀ ਅਤੇ ਸਾਰੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰਹੇਗੀ, ਉਨ੍ਹਾਂ ਪੰਜਾਬੀਆਂ ਨੂੰ ਸਹੀ ਵੇਰਵੇ ਦੇਣ ਅਤੇ ਸੂਬੇ ਦੇ ਵਿਕਾਸ ਦਾ ਖਾਕਾ ਤਿਆਰ ਕਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਅਪੀਲ ਕੀਤੀ।

ਇਸ ਮੌਕੇ ਦੀਆਂ ਕੁਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ਅੱਜ ਅਸੀਂ ਪੰਜਾਬ ਵਿੱਚ ਜਨਗਣਨਾ 2027 ਦੇ ਦੂਜੇ ਪੜਾਅ ਤਹਿਤ ਸਵੈ-ਗਣਨਾ



ਪ੍ਰਕਿਰਿਆ ਦੀ ਸ਼ੁਰੂਆਤ ਕੀਤੀ ਹੈ। ਇਹ ਪ੍ਰਕਿਰਿਆ 16 ਤੋਂ 30 ਨਵੰਬਰ ਤੱਕ ਜਾਰੀ ਰਹੇਗੀ, ਜਿਸ ਰਾਹੀਂ ਲੋਕ ਘਰ ਬੈਠੇ ਹੀ ਔਨਲਾਈਨ ਆਪਣੇ ਵੇਰਵੇ ਜਮ੍ਹਾਂ ਕਰਵਾ ਸਕਦੇ ਹਨ। ਇਸ ਤੋਂ ਬਾਅਦ 1 ਦਸੰਬਰ ਤੋਂ 4 ਜਨਵਰੀ ਤੱਕ ਘਰ-ਘਰ ਜਾ ਕੇ ਗਣਨਾ ਕੀਤੀ ਜਾਵੇਗੀ।

ਇਕੱਤਰ ਕੀਤੇ ਗਏ ਇਹ ਅੰਕੜੇ ਸੂਬੇ ਦੀਆਂ ਭਵਿੱਖੀ ਯੋਜਨਾਵਾਂ ਅਤੇ ਵਿਕਾਸ ਨੀਤੀਆਂ ਨੂੰ ਨਵਾਂ ਰੂਪ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਮੈਂ ਸਾਰੇ ਪੰਜਾਬੀਆਂ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਕੌਮੀ ਕਾਰਜ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲੈਣ, ਸਹੀ ਜਾਣਕਾਰੀ ਦੇਣ ਅਤੇ ਸਰਕਾਰ ਨੂੰ ਆਪਣਾ ਸਹਿਯੋਗ ਦੇਣ।

ਮੁੱਖ ਮੰਤਰੀ ਨੇ ਕਿਹਾ ਕਿ 16 ਸਾਲਾਂ ਦੇ ਵਕਫ਼ੇ ਤੋਂ ਬਾਅਦ ਭਾਰਤ ਦੀ ਜਨਗਣਨਾ ਕਰਵਾਈ ਜਾ ਰਹੀ ਹੈ ਅਤੇ ਉਨ੍ਹਾਂ ਨੇ ਇਸ ਵਿਸ਼ਾਲ ਦੇਸ਼-ਵਿਆਪੀ ਮੁਹਿੰਮ ਦਾ ਹਿੱਸਾ ਬਣਨ 'ਤੇ ਤਸੱਲੀ ਪ੍ਰਗਟਾਈ।

ਸਾਰੇ ਜਨਗਣਨਾ ਅਧਿਕਾਰੀਆਂ, ਗਣਨਾਕਾਰਾਂ, ਸੁਪਰਵਾਈਜ਼ਰਾਂ, ਮਾਸਟਰ ਟ੍ਰੇਨਰਾਂ, ਫੀਲਡ ਟ੍ਰੇਨਰਾਂ ਅਤੇ ਸੂਬਾ ਪ੍ਰਸ਼ਾਸਨ ਦੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਲਗਨ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੇ ਸਮਰਪਿਤ ਯਤਨਾਂ ਨੇ ਪਹਿਲੇ ਪੜਾਅ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਅਤੇ ਇਹ ਯਤਨ ਪੂਰੇ ਕਾਰਜ ਨੂੰ ਸਹੀ ਤੇ ਵਿਆਪਕ ਬਣਾਉਣ ਵਿੱਚ ਸਹਾਈ ਸਿੱਧ ਹੋਣਗੇ।

ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਆਦਰਸ਼ ਅਤੇ ਸ਼ਹਾਦਤ ਸਾਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰਦੇ ਹਨ: ਭਗਵੰਤ ਮਾਨ



ਲੁਧਿਆਣਾ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 111ਵੇਂ 'ਸ਼ਹੀਦੀ ਦਿਵਸ' ਮੌਕੇ ਉਨ੍ਹਾਂ ਦੇ ਜੱਦੀ ਪਿੰਡ ਵਿਖੇ ਪਹੁੰਚ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਇਸ 19 ਸਾਲਾ ਇਨਕਲਾਬੀ ਨੂੰ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਨਿਆਂ, ਬਰਾਬਰੀ , ਮਾਨਵਤਾ ਅਤੇ ਤਰੱਕੀ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਕਰੀਏ। ਸ਼ਹੀਦਾਂ ਦੇ ਸਤਿਕਾਰ ਅਤੇ ਨਵੀਂ ਪੀੜ੍ਹੀ ਨੂੰ ਪੰਜਾਬ ਦੀ ਸ਼ਾਨਦਾਰ ਵਿਰਾਸਤ ਨਾਲ ਜੋੜਨ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇੱਕ ਅਜਿਹਾ ਅਗਾਂਹਵਧੂ ਪੰਜਾਬ ਸਿਰਜਣ ਲਈ ਕੰਮ ਕਰ ਰਹੀ ਹੈ, ਜਿਸ ਦਾ ਸੁਪਨਾ ਸ਼ਹੀਦਾਂ ਨੇ ਦੇਖਿਆ ਸੀ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿੰਡ ਨੂੰ ਇੱਕ ਨਵਾਂ 'ਆਮ ਆਦਮੀ ਕਲੀਨਿਕ' ਸਮਰਪਿਤ ਕੀਤਾ ਅਤੇ ਪਿੰਡ ਦੇ ਸਪੋਰਟਸ ਕਲੱਬ ਨੂੰ 51 ਲੱਖ ਰੁਪਏ ਦੀ ਗ੍ਰਾਂਟ ਸੌਂਪੀ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਰਲ-ਮਿਲ ਕੇ ਸ਼ਹੀਦਾਂ ਦੇ ਸੁਪਨਿਆਂ ਦਾ 'ਰੰਗਲਾ ਪੰਜਾਬ' ਸਿਰਜਣ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸ਼ਹੀਦ ਕਰਤਾਰ ਸਿੰਘ ਸਰਾਭਾ ਨੇ ਮਹਿਜ਼ 19 ਸਾਲ ਦੀ ਉਮਰ ਵਿੱਚ ਫਾਂਸੀ ਦਾ ਰੱਸਾ ਚੁੰਮ ਲਿਆ ਸੀ, ਜਿਸ ਤੋਂ ਸਾਬਤ ਹੁੰਦਾ ਹੈ ਕਿ ਹਿੰਮਤ, ਦ੍ਰਿੜ੍ਹ ਇਰਾਦੇ ਅਤੇ ਮਾਤ-ਭੂਮੀ ਲਈ ਪਿਆਰ ਦੀ ਕੋਈ ਉਮਰ ਨਹੀਂ ਹੁੰਦੀ। ਜਿਸ ਉਮਰ ਵਿੱਚ ਅੱਜ ਦੇ ਨੌਜਵਾਨ ਆਪਣੇ ਭਵਿੱਖ ਦੀ ਯੋਜਨਾ ਬਣਾ ਰਹੇ ਹੁੰਦੇ ਹਨ, ਉਸ ਉਮਰ ਵਿੱਚ ਇਹ ਮਹਾਨ ਇਨਕਲਾਬੀ ਦੇਸ਼ ਦੀ ਆਜ਼ਾਦੀ ਦੀ ਯੋਜਨਾ ਬਣਾ ਰਹੇ ਸਨ। ਉਨ੍ਹਾਂ ਨੇ ਸਾਡੀ ਆਜ਼ਾਦੀ ਲਈ ਆਪਣੀ ਜਵਾਨੀ, ਆਪਣੇ ਸੁਪਨੇ ਅਤੇ ਅੰਤ ਵਿੱਚ ਆਪਣੀ ਜਾਨ ਕੁਰਬਾਨ ਕਰ ਦਿੱਤੀ। ਅਸੀਂ ਅਜਿਹੇ ਸ਼ਹੀਦਾਂ ਦਾ ਕਰਜ਼ ਕਦੇ ਨਹੀਂ ਉਤਾਰ ਸਕਦੇ, ਪਰ ਪੰਜਾਬ ਅਤੇ ਦੇਸ਼ ਦੀ ਤਰੱਕੀ ਲਈ ਖੁਦ ਨੂੰ ਸਮਰਪਿਤ ਕਰਕੇ ਅਸੀਂ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਜ਼ਰੂਰ ਭੇਟ ਸਕਦੇ ਹਾਂ।

ਮੁੱਖ ਮੰਤਰੀ ਨੇ ਕਿਹਾ, ਸ਼ਹੀਦੀ ਦਿਹਾੜਾ ਸਿਰਫ਼ ਰਸਮੀ ਸਮਾਗਮ ਨਹੀਂ ਹੁੰਦੇ, ਸਗੋਂ ਇਹ ਉਨ੍ਹਾਂ ਜ਼ਿੰਮੇਵਾਰੀਆਂ ਦੀ ਯਾਦ ਦਿਵਾਉਂਦੇ ਹਨ ਜੋ ਹਰ ਪੀੜ੍ਹੀ ਲਈ ਦੇਸ਼ ਪ੍ਰਤੀ ਬਣਦੀਆਂ ਹਨ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਮਹਾਨ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਨਾ ਦਾ ਸਦੀਵੀ ਸਰੋਤ ਬਣੀ ਰਹੇਗੀ। ਉਨ੍ਹਾਂ ਨੂੰ ਅਸਲ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਨਿਆਂ, ਸਮਾਨਤਾ, ਮਾਨਵਤਾ ਅਤੇ ਤਰੱਕੀ 'ਤੇ ਆਧਾਰਿਤ ਸਮਾਜ ਦੀ ਸਿਰਜਣਾ ਕਰੀਏ।

ਮੁੱਖ ਮੰਤਰੀ ਨੇ ਕਿਹਾ ਕਿ ਗਰਮੀ ਦੇ ਬਾਵਜੂਦ ਲੋਕਾਂ, ਖਾਸ ਕਰਕੇ ਮਾਵਾਂ ਅਤੇ ਭੈਣਾਂ ਦੀ ਭਾਰੀ ਸ਼ਮੂਲੀਅਤ, ਇਸ ਮਹਾਨ ਇਨਕਲਾਬੀ ਪ੍ਰਤੀ ਉਨ੍ਹਾਂ ਦੇ ਡੂੰਘੇ ਪਿਆਰ ਅਤੇ ਸਤਿਕਾਰ ਨੂੰ ਦਰਸਾਉਂਦੀ ਹੈ। ਇਸ ਮਹਾਨ ਸ਼ਹੀਦ ਦੇ ਪ੍ਰੇਰਨਾਦਾਇਕ ਸਫ਼ਰ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਵਿੱਚ ਆਪਣੀ ਮੁੱਢਲੀ ਸਿੱਖਿਆ ਪੂਰੀ ਕਰਨ ਤੋਂ ਬਾਅਦ, ਸ਼ਹੀਦ ਕਰਤਾਰ ਸਿੰਘ ਸਰਾਭਾ ਅਮਰੀਕਾ ਗਏ ਅਤੇ ਉੱਥੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ, ਬਰਕਲੇ ਵਿਖੇ ਪੜ੍ਹਾਈ ਕੀਤੀ। ਹਾਲਾਂਕਿ, ਨਿੱਜੀ ਸੁੱਖ-ਸਹੂਲਤਾਂ ਅਤੇ ਸੁਰੱਖਿਅਤ ਭਵਿੱਖ ਦੀ ਭਾਲ ਕਰਨ ਦੀ ਬਜਾਏ, ਉਨ੍ਹਾਂ ਨੇ ਲਾਲਾ ਹਰਦਿਆਲ, ਬਾਬਾ ਜਵਾਲਾ ਸਿੰਘ, ਬਾਬਾ ਵਸਾਖਾ ਸਿੰਘ ਅਤੇ ਬਾਬਾ ਸੋਹਣ ਸਿੰਘ ਭਕਨਾ ਵਰਗੇ ਇਨਕਲਾਬੀ ਦੇਸ਼ ਭਗਤਾਂ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਖ਼ੁਦ ਨੂੰ ਆਜ਼ਾਦੀ ਸੰਗਰਾਮ ਲਈ ਸਮਰਪਿਤ ਕਰ ਦਿੱਤਾ।

ਉਨ੍ਹਾਂ ਅੱਗੇ ਕਿਹਾ, 16 ਨਵੰਬਰ 1915 ਨੂੰ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਤਹਿਤ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਛੇ ਹੋਰ ਇਨਕਲਾਬੀਆਂ ਸਮੇਤ ਲਾਹੌਰ ਕੇਂਦਰੀ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ ਸੀ। ਦੇਸ਼ ਦੀ ਆਜ਼ਾਦੀ ਪ੍ਰਤੀ ਉਨ੍ਹਾਂ ਦੀ ਦ੍ਰਿੜਤਾ, ਦੇਸ਼ ਭਗਤੀ ਅਤੇ ਨਿਰਸਵਾਰਥ ਸੇਵਾ ਦੀ ਇੱਕ ਸ਼ਾਨਦਾਰ ਮਿਸਾਲ ਹੈ। ਦੇਸ਼ ਦੀ ਸੇਵਾ ਕਰਨ ਲਈ ਸਿਰਫ਼ ਵੱਡੇ-ਵੱਡੇ ਭਾਸ਼ਣਾਂ ਦੀ ਨਹੀਂ, ਸਗੋਂ ਹਿੰਮਤ, ਕੁਰਬਾਨੀ ਅਤੇ ਦ੍ਰਿੜ੍ਹ ਇਰਾਦੇ ਦੀ ਲੋੜ ਹੁੰਦੀ ਹੈ।

ਸ਼ਹੀਦ-ਏ-ਆਜ਼ਮ ਭਗਤ ਸਿੰਘ ਵੱਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਪ੍ਰਤੀ ਦਿਖਾਏ ਗਏ ਡੂੰਘੇ ਸਤਿਕਾਰ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਉਨ੍ਹਾਂ ਦੀ ਤਸਵੀਰ ਆਪਣੀ ਜੇਬ ਵਿੱਚ ਰੱਖਦੇ ਸਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਤਾਕਤਵਰ ਹਾਕਮ ਅਤੇ ਸਾਮਰਾਜ ਅੰਤ ਵਿੱਚ ਇਤਿਹਾਸ ਦੇ ਪੰਨਿਆਂ ਵਿੱਚ ਗੁਆਚ ਜਾਂਦੇ ਹਨ, ਪਰ ਜੋ ਲੋਕ ਸੱਚਾਈ ਅਤੇ ਮਨੁੱਖਤਾ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੰਦੇ ਹਨ, ਉਹ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾ ਜ਼ਿੰਦਾ ਰਹਿੰਦੇ ਹਨ।

ਸਾਡੀ ਸਰਕਾਰ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ 'ਤੇ ਛੁੱਟੀ ਦਾ ਐਲਾਨ ਕੀਤਾ ਹੈ ਤਾਂ ਜੋ ਬੱਚੇ, ਵਿਦਿਆਰਥੀ ਅਤੇ ਹਰ ਵਰਗ ਦੇ ਲੋਕ ਧਰਤੀ ਦੇ ਇਸ ਮਹਾਨ ਸਪੂਤ ਬਾਰੇ ਜਾਣ ਸਕਣ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰ ਸਕਣ।

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਮੁੜ ਖੋਲ੍ਹਿਆ ਜਾਵੇ ਲਾਂਘਾ: ਮੁੱਖ ਮੰਤਰੀ ਮਾਨ ਦੀ ਪ੍ਰਧਾਨ ਮੰਤਰੀ ਨੂੰ ਅਪੀਲ

ਚੰਡੀਗੜ੍ਹ 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਪਵਿੱਤਰ ਮੌਕੇ 'ਤੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਦੀ ਮੰਗ ਇੱਕ ਵਾਰ ਫਿਰ ਉੱਠੀ ਹੈ। ਇਹ ਮੰਗ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੇਂਦਰ ਸਰਕਾਰ ਅੱਗੇ ਰੱਖੀ ਗਈ ਹੈ। ਮੁੱਖ ਮੰਤਰੀ ਨੇ ਸੋਸ਼ਲ ਮੀਡੀਆ ਉੱਤੇ ਇੱਕ ਪੋਸਟ ਸਾਂਝੀ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਿਆ ਜਾਵੇ, ਤਾਂ ਜੋ ਸ਼ਰਧਾਲੂ ਗੁਰਧਾਮ ਦੇ ਦਰਸ਼ਨ ਕਰ ਸਕਣ। ਆਪਣੀ ਪੋਸਟ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸਮੁੱਚੀ ਨਾਨਕ ਨਾਮ ਲੇਵਾ ਸੰਗਤ ਹਰ ਰੋਜ਼ ਅਰਦਾਸ ਕਰਦੀ ਹੈ ਕਿ ਉਨ੍ਹਾਂ ਨੂੰ ਵਿਛੜੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਬਖ਼ਸ਼ੇ ਜਾਣ। \

ਬੀਬੀ ਕੌਰ ਦੀ 'ਘਰ ਵਾਪਸੀ': ਸੁਖਬੀਰ ਬਾਦਲ ਨੇ ਹਲਕਾ ਭੁਲੱਥ ਦਾ ਇੰਚਾਰਜ ਥਾਪਿਆ

ਭੁਲੱਥ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਵਿੱਚ ਮੁੜ ਸ਼ਮੂਲੀਅਤ ਕਰ ਲਈ ਹੈ। ਹਲਕਾ ਭੁਲੱਥ ਦੇ ਕਸਬੇ ਬੇਗੋਵਾਲ ਸਥਿਤ ਡੇਰਾ ਸੰਤ ਪ੍ਰੇਮ ਸਿੰਘ ਵਿਖੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਬੀ ਜਗੀਰ ਕੌਰ ਨੂੰ ਪਾਰਟੀ ਵਿੱਚ ਮੁੜ ਸ਼ਾਮਲ ਕੀਤਾ। ਘਰ ਵਾਪਸੀ ਉਪਰੰਤ ਉਨ੍ਹਾਂ ਨੂੰ ਹਲਕਾ ਭੁਲੱਥ ਦਾ ਇੰਚਾਰਜ ਬਣਾਇਆ ਗਿਆ।

ਬੀਬੀ ਜਗੀਰ ਕੌਰ ਪਿਛਲੇ ਕੁਝ ਸਮੇਂ ਤੋਂ ਪਾਰਟੀ ਦੀ ਅਗਵਾਈ ਨੂੰ ਲੈ ਕੇ ਸੁਖਬੀਰ ਬਾਦਲ ਨਾਲ ਚੱਲ ਰਹੇ ਮੱਤਭੇਦਾਂ ਕਾਰਨ ਬਾਗ਼ੀ ਧੜੇ ਸ਼੍ਰੋਮਣੀ ਅਕਾਲੀ ਦਲ 'ਪੁਨਰ ਸੁਰਜੀਤ' ਨਾਲ ਚੱਲ ਰਹੇ ਸਨ। ਹਾਲਾਂਕਿ, ਹੁਣ ਸੁਖਬੀਰ ਬਾਦਲ ਵੱਲੋਂ ਬੀਬੀ ਜਗੀਰ ਕੌਰ ਦੀ ਕਰਵਾਈ ਗਈ ਇਸ ਵਾਪਸੀ ਨੂੰ ਦੁਆਬਾ ਖੇਤਰ ਦੀ ਸਿਆਸਤ ਵਿੱਚ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ। ਇਸ ਨੂੰ ਪਾਰਟੀ ਪ੍ਰਧਾਨ ਦੀ ਆਪਣੇ ਪੁਰਾਣੇ ਪੰਥਕ ਸਾਥੀਆਂ ਨੂੰ ਮੁੜ ਇਕੱਠਾ ਕਰਨ ਦੀ ਮੁਹਿੰਮ ਵਿੱਚ ਇੱਕ ਵੱਡੀ ਸਫ਼ਲਤਾ ਵਜੋਂ ਵੀ ਦੇਖਿਆ ਜਾ ਰਿਹਾ ਹੈ।

ਸਮਾਗਮ ਦੌਰਾਨ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਬੀਬੀ ਜਗੀਰ ਕੌਰ ਨੇ ਸੁਖਬੀਰ ਸਿੰਘ ਬਾਦਲ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਇੱਕ ਦੂਰਅੰਦੇਸ਼ ਨੇਤਾ ਦੱਸਿਆ। ਉਨ੍ਹਾਂ ਨੇ ਹਰਸਿਮਰਤ ਕੌਰ ਬਾਦਲ ਨੂੰ ਆਪਣੀ ਭੈਣ ਦੱਸਦਿਆਂ ਉਨ੍ਹਾਂ ਵੱਲੋਂ ਚਲਾਈ ਗਈ 'ਨੰਨ੍ਹੀ ਛਾਂ' ਮੁਹਿੰਮ ਦੀ ਵੀ ਪ੍ਰਸ਼ੰਸਾ ਕੀਤੀ। ਇਸ ਮੌਕੇ ਸੁਖਬੀਰ ਬਾਦਲ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਨੂੰ ਉਜਾੜਨ ਤੋਂ ਬਚਾਉਣ ਲਈ ਅਕਾਲੀ ਦਲ ਨੂੰ ਮੁੜ ਸੱਤਾ ਵਿੱਚ ਲਿਆਉਣ ਦੀ ਅਪੀਲ ਕੀਤੀ।

ਜ਼ਿਰ ਬਾਦਲ ਨੇ ਕਿਹਾ ਕਿ ਪੰਜਾਬ ਦਾ ਹਰ ਖੇਤਰ ਵਿੱਚ ਵਿਕਾਸ ਸਿਰਫ਼ ਅਕਾਲੀ ਦਲ ਦੀਆਂ ਸਰਕਾਰਾਂ ਦੌਰਾਨ ਹੀ ਹੋਇਆ ਹੈ।

ਉਨ੍ਹਾਂ ਮੌਜੂਦਾ ਸਰਕਾਰ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਇਸ ਸਰਕਾਰ ਨੇ 6 ਹਜ਼ਾਰ ਕਰੋੜ ਰੁਪਏ ਸਿਰਫ਼ ਇਸ਼ਤਿਹਾਰਬਾਜ਼ੀ 'ਤੇ ਹੀ ਖ਼ਰਚ ਕਰ ਦਿੱਤੇ ਹਨ, ਜਦਕਿ ਅਕਾਲੀ ਸਰਕਾਰ ਵੇਲੇ ਸ਼ੁਰੂ ਕੀਤੀਆਂ ਗਈਆਂ ਕਈ ਸਮਾਜ ਭਲਾਈ ਸਕੀਮਾਂ ਬੰਦ ਕਰ ਦਿੱਤੀਆਂ ਗਈਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਭੁਲੱਥ ਹਲਕੇ ਦੇ ਲੋਕਾਂ ਨੂੰ ਬੀਬੀ ਜਗੀਰ ਕੌਰ ਦਾ ਸਾਥ ਦੇਣ ਅਤੇ ਉਨ੍ਹਾਂ ਨੂੰ ਵਿਧਾਇਕ ਬਣਾਉਣ ਦੀ ਅਪੀਲ ਵੀ ਕੀਤੀ।



ਪੰਜਾਬ ਵ

ਚੇਤਨ ਸਿੰਘ ਜੌੜਾਮਾਜਰਾ ਅਤੇ ਹਰਮੀਤ ਸਿੰਘ ਪਠਾਣਮਾਜਰਾ ਦਾ ਗੁਰਜੀਤ ਸਿੰਘ ਕੋਹਲੀ ਵੱਲੋਂ ਨਿੱਘਾ ਸਵਾਗਤ

ਦੋਵਾਂ ਆਗੂਆਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪਟਿਆਲਾ ਜ਼ਿਲ੍ਹੇ ਵਿੱਚ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ: ਗੁਰਜੀਤ ਸਿੰਘ ਕੋਹਲੀ

ਪਟਿਆਲਾ, 17 ਨਵੰਬਰ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-



ਹਾਲ ਹੀ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਏ ਸਨੌਰ ਦੇ ਵਿਧਾਇਕ ਸ. ਹਰਮੀਤ ਸਿੰਘ ਪਠਾਣਮਾਜਰਾ ਅਤੇ ਸਾਬਕਾ ਵਿਧਾਇਕ ਸ. ਚੇਤਨ ਸਿੰਘ ਜੌੜਾਮਾਜਰਾ ਅੱਜ ਭਾਜਪਾ ਦੇ ਸੀਨੀਅਰ ਆਗੂ ਅਤੇ ਹਲਕਾ ਪਟਿਆਲਾ ਦੇਹਾਤੀ ਤੋਂ ਸ. ਗੁਰਜੀਤ ਸਿੰਘ ਕੋਹਲੀ ਦੇ ਦਫ਼ਤਰ, 14 ਨਿਹਾਲ ਬਾਗ, ਪਟਿਆਲਾ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਸ. ਗੁਰਜੀਤ ਸਿੰਘ ਕੋਹਲੀ ਨੇ ਦੋਵਾਂ ਆਗੂਆਂ ਨੂੰ ਭਾਰਤੀ ਜਨਤਾ ਪਾਰਟੀ ਦੇ ਸਿਰੋਪੇ ਭੇਟ ਕਰਕੇ ਸਨਮਾਨਿਤ ਕੀਤਾ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸ. ਕੋਹਲੀ ਦੇ ਸਮਰਥਕ ਅਤੇ ਭਾਜਪਾ ਵਰਕਰ ਹਾਜ਼ਰ ਸਨ, ਜਿਨ੍ਹਾਂ ਵੱਲੋਂ ਵੀ ਦੋਵਾਂ ਆਗੂਆਂ ਦਾ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਗੁਰਜੀਤ ਸਿੰਘ ਕੋਹਲੀ ਨੇ ਕਿਹਾ ਕਿ ਸ. ਹਰਮੀਤ ਸਿੰਘ ਪਠਾਣਮਾਜਰਾ ਅਤੇ ਸ. ਚੇਤਨ ਸਿੰਘ ਜੌੜਾਮਾਜਰਾ ਦੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਨੂੰ ਪਟਿਆਲਾ ਜ਼ਿਲ੍ਹੇ ਵਿੱਚ ਹੋਰ ਬਲ ਮਿਲੇਗਾ। ਉਨ੍ਹਾਂ ਕਿਹਾ ਕਿ ਦੋਵਾਂ ਆਗੂਆਂ ਦਾ ਸਿਆਸੀ ਅਤੇ ਜਨਤਕ ਜੀਵਨ ਵਿੱਚ ਤਜਰਬਾ ਹੈ ਅਤੇ ਉਨ੍ਹਾਂ ਦੇ ਪਾਰਟੀ ਨਾਲ ਜੁੜਨ ਨਾਲ ਜ਼ਿਲ੍ਹੇ ਵਿੱਚ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ।

ਸ. ਕੋਹਲੀ ਨੇ ਕਿਹਾ ਕਿ ਅੱਜ ਦੀ ਮਿਲਣੀ ਦੌਰਾਨ ਪਾਰਟੀ ਵਰਕਰਾਂ ਅਤੇ ਸਮਰਥਕਾਂ ਵਿੱਚ ਦੇਖਣ ਨੂੰ ਮਿਲਿਆ ਉਤਸ਼ਾਹ ਇਸ ਗੱਲ ਦਾ ਪ੍ਰਤੀਕ ਹੈ ਕਿ ਵਰਕਰ ਨਵੇਂ ਆਗੂਆਂ ਦਾ ਪਾਰਟੀ ਵਿੱਚ ਦਿਲੋਂ ਸਵਾਗਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਮਿਲ ਕੇ ਆਪਸੀ ਤਾਲਮੇਲ ਅਤੇ ਇਕਜੁੱਟਤਾ ਨਾਲ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦੋਵਾਂ ਆਗੂਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਉਹ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਅਤੇ ਪੰਜਾਬ ਤੇ ਪਟਿਆਲਾ ਦੇ ਲੋਕਾਂ ਦੀ ਸੇਵਾ ਕਰਦੇ ਰਹਿਣ।

ਇਸ ਮੌਕੇ ਦੋਵਾਂ ਆਗੂਆਂ ਨੇ ਵੀ ਸ. ਗੁਰਜੀਤ ਸਿੰਘ ਕੋਹਲੀ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਦਿੱਤੇ ਗਏ ਨਿੱਘੇ ਸਵਾਗਤ ਲਈ ਧੰਨਵਾਦ ਕੀਤਾ।

ਇਸ ਸਵਾਗਤੀ ਸਮਾਗਮ ਦੌਰਾਨ ਭਾਜਪਾ ਦੇ ਕਈ ਆਗੂ, ਵਰਕਰ ਅਤੇ ਸ. ਗੁਰਜੀਤ ਸਿੰਘ ਕੋਹਲੀ ਦੇ ਸਮਰਥਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਹਵਾ ਦੀ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀ ਉੱਚ ਪੱਧਰੀ ਟੀਮ ਵੱਲੋਂ ਜ਼ਿਲ੍ਹੇ 'ਚ ਪਰਾਲੀ ਪ੍ਰਬੰਧਨ ਨਾਲ ਸਬੰਧਤ ਪ੍ਰੋਜੈਕਟਾਂ ਦਾ ਨਿਰੀਖਣ



ਅਮਲੋਹ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਪਾਉਣ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਸੁਚੱਜੇ ਪ੍ਰਬੰਧਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਹਵਾ ਦੀ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀ.ਏ.ਕਿਊ.ਐੱਮ.) ਦੇ ਚੇਅਰਮੈਨ ਰਾਜੇਸ਼ ਵਰਮਾ ਅਤੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀ ਕਮਲ ਕਿਸ਼ੋਰ ਯਾਦਵ, ਆਈ ਏ ਐਸ ਸਕੱਤਰ ਵਾਤਾਵਰਣ ਸਮੇਤ ਉੱਚ ਪੱਧਰੀ ਟੀਮ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ,ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਤੇ ਹੋਰ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਉੱਚ ਪੱਧਰੀ ਟੀਮ ਵੱਲੋਂ ਸਬ-ਡਵੀਜਨ ਅਮਲੋਹ ਦੇ ਪਿੰਡ ਸ਼ਾਹਪੁਰ ਸਥਿਤ ਸ਼੍ਰੀ ਗਣੇਸ਼ ਐਡੀਬਲ (ਪ੍ਰਾਈਵੇਟ) ਲਿਮਟਿਡ ਦਾ ਦੌਰਾ ਕੀਤਾ।

ਮੀਟਿੰਗ ਦੌਰਾਨ ਚੇਅਰਪਰਸਨ ਰਾਜੇਸ਼ ਵਰਮਾ ਨੇ ਝੋਨੇ ਦੀ ਪਰਾਲੀ ਦੇ ਵਿਗਿਆਨਕ ਅਤੇ ਵਾਤਾਵਰਣ-ਅਨੁਕੂਲ ਪ੍ਰਬੰਧਨ ਨੂੰ ਉਤਸ਼ਾਹਿਤ ਕਰਨਾ, ਪਰਾਲੀ ਆਧਾਰਿਤ ਊਰਜਾ ਉਤਪਾਦਨ ਅਤੇ ਹੋਰ ਉਦਯੋਗਿਕ ਵਰਤੋਂ ਦੀਆਂ ਸੰਭਾਵਨਾਵਾਂ ਨੂੰ ਵਧਾਉਣਾ ਅਤੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਕਾਬੂ ਪਾਉਣ ਲਈ ਕੀਤੇ ਜਾ ਰਹੇ ਯਤਨਾਂ ਦੀ ਸਮੀਖਿਆ ਕੀਤੀ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਮੀਨੀ ਪੱਧਰ ਪੜਚੋਲ ਕੀਤੀ ਜਾਵੇ ਕਿ ਆਧੁਨਿਕ ਸੰਦਾਂ/ਮਸ਼ਨੀਰੀ ਦੇ ਬਾਵਜੂਦ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਨੂੰ ਪਹਿਲ ਕਿਉ ਦਿੱਤੀ ਜਾਂਦੀ ਹੈ, ਤਾਂ ਜੋ ਕਿਸਾਨਾਂ ਤੋਂ ਮਿਲਣ ਵਾਲੀ ਫੀਡਬੈਕ ਨਾਲ ਵਾਤਾਵਰਣ ਨੂੰ ਪ੍ਰਦੂਸ਼ਣ ਹੋਣ ਤੋਂ ਬਚਾਉਣ ਲਈ ਹੋਰ ਵਧੇਰੇ ਸੁਚੱਜੇ ਢੰਗ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ।

ਸ੍ਰੀ ਰਾਜੇਸ਼ ਵਰਮਾ ਨੇ ਕਿਹਾ ਕਿ ਰਹਿੰਦ ਖੂੰਹਦ ਨੂੰ ਅੱਗ ਲੱਗਣ ਤੋਂ ਰੋਕਣ ਲਈ ਪੁਲਿਸ ਤੇ ਸਿਵਲ ਪ੍ਰਸ਼ਾਸ਼ਨ ਦੇ ਅਧਿਕਾਰੀ ਆਪਸੀ ਤਾਲਮੇਲ ਨਾਲ ਰੋਜਾਨਾਂ ਸ਼ਾਮ 04 ਵਜੇ ਤੋਂ ਪਿੰਡ ਪੱਧਰ ਤੇ ਦੌਰਾ ਕਰਨ ਅਤੇ ਕਿਸਾਨਾਂ ਨੂੰ ਪਰਾਲੀ ਤੋਂ ਪੈਦਾ ਹੋਣ ਵਾਲੇ ਧੂੰਏ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਧਿਕਾਰੀ ਫੀਲਡ ਵਿੱਚ ਰਹਿੰਦਿਆਂ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਵੱਧਣ ਤੋਂ ਰੋਕਣ ਲਈ ਪੁਖਤਾ ਰਿਪੋਰਟ ਦੇ ਅਧਾਰ ਤੇ ਕਾਰਵਾਈ ਅਮਲ ਚ ਲਿਆਉਣ। ਮੀਟਿੰਗ ਦੌਰਾਨ ਖੇਤੀਬਾੜੀ ਵਿਭਾਗ,ਫ਼ਤਹਿਗੜ੍ਹ ਸਾਹਿਬ ਦੇ ਖੇਤੀਬਾੜੀ ਵਿਕਾਸ ਅਫਸਰ ਦਮਨ ਝਾਂਜੀ ਵੱਲੋਂ ਪਰਾਲੀ ਪ੍ਰਬੰਧਨ ਸਬੰਧੀ ਤਿਆਰ ਕੀਤੀ ਪੀ.ਪੀ.ਟੀ ਦਿਖਾਈ ਗਈ।

ਮੀਟਿੰਗ ਤੋਂ ਬਾਅਦ ਉੱਚ ਪੱਧਰੀ ਟੀਮ ਵੱਲੋਂ ਸਬ-ਡਵੀਜਨ ਅਮਲੋਹ ਦੇ ਪਿੰਡ ਸ਼ਾਹਪੁਰ ਸਥਿਤ ਸ਼੍ਰੀ ਗਣੇਸ਼ ਐਡੀਬਲ (ਪ੍ਰਾਈਵੇਟ) ਲਿਮਟਿਡ ਵਿਖੇ ਮੌਜੂਦਾ ਤਕਨਾਲੋਜੀ ਰਾਹੀਂ ਪਰਾਲੀ ਦੀ ਵੱਖ-ਵੱਖ ਕੰਮਾਂ ਲਈ ਵਰਤੋਂ ਨਾਲ ਸਬੰਧਤ ਉਦਯੋਗਿਕ ਇਕਾਈਆਂ ਦਾ ਨਿਰੀਖਣ ਕੀਤਾ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਉਪਲਬਧ ਖੇਤੀਬਾੜੀ ਮਸ਼ੀਨਰੀ ਦੀ ਸਥਿਤੀ ਦਾ ਜਾਇਜ਼ਾ ਲਿਆ।

ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਡਾ ਸੋਨਾ ਥਿੰਦ, ਜ਼ਿਲ੍ਹਾ ਪੁਲੀਸ ਮੁਖੀ ਸ਼ੁਭਮ ਅਗਰਵਾਲ, ਵਧੀਕ ਡਿਪਟੀ ਕਮਿਸ਼ਨਰ ਅਮਰਬੀਰ ਕੌਰ ਭੁੱਲਰ, ਲਵਨੀਤ ਦੂਬੇ ਮੈਂਬਰ ਸਕੱਤਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਕੇਂਦਰ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਸਾਇੰਟਿਸਟ-ਈ ਡਾ ਵਿਕਾਸ ਸਿੰਘ, ਸਾਇੰਟਿਸਟ-ਬੀ ਡਾ ਪ੍ਰਿਯੰਕਾ, ਐਸ ਡੀ ਐਮ ਅਮਲੋਹ ਹਰਵੀਰ ਕੌਰ, ਐਸ ਪੀ ਧਰਮਵੀਰ ਸਿੰਘ, ਮੁੱਖ ਖੇਤੀਬਾੜੀ ਅਫਸਰ ਜਗਦੇਵ ਸਿੰਘ ਸਮੇਤ ਵੱਖ ਵੱਖ ਵਿਭਾਗਾਂ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਜਟਵਾਹੜ ਵਿਖੇ ਵਿਸ਼ਾਲ ਛਿੰਝ ਮੇਲਾ ਅਮਿੱਟ ਯਾਦਾਂ ਛੱਡਦਾ ਹੋਇਆ ਸੰਪੰਨ, 106 ਪਹਿਲਵਾਨਾਂ ਨੇ ਦਿਖਾਏ ਜੌਹਰ

ਨੂਰਪੁਰਬੇਦੀ 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਪੁਰਾਤਨ ਪੰਜਾਬੀ ਖੇਡਾਂ ਅਤੇ ਕੁਸ਼ਤੀ ਦੇ ਅਮੀਰ ਵਿਰਸੇ ਨੂੰ ਸੰਭਾਲਣ ਦੇ ਉਦੇਸ਼ ਨਾਲ ਪਿੰਡ ਜਟਵਾਹੜ ਜੰਗਲ ਵਿਖੇ ਸਥਿਤ ਡੇਰਾ ਮੋਇਆਂ ਦੀ ਮੰਡੀ ਵਿਖੇ ਸਾਲਾਨਾ ਬਰਸੀ ਸਮਾਗਮ ਮੌਕੇ ਵਿਸ਼ਾਲ ਛਿੰਝ ਮੇਲਾ ਕਰਵਾਇਆ ਗਿਆ। ਸੱਚਖੰਡ ਵਾਸੀ ਸੰਤ ਬਾਬਾ ਪ੍ਰੀਤਮ ਸਿੰਘ ਗੁਰਦੁਆਰਾ ਜੋਤੀ ਸਰੂਪ, ਫਤਿਹਗੜ੍ਹ ਸਾਹਿਬ ਵਾਲਿਆਂ ਦੀ ਯਾਦ ਨੂੰ ਸਮਰਪਿਤ ਇਸ ਮੇਲੇ ਦਾ ਆਯੋਜਨ ਮੁੱਖ ਸੇਵਾਦਾਰ ਬਾਬਾ ਅਜੈਬ ਸਿੰਘ ਫੱਕਰ ਦੀ ਅਗਵਾਈ ਹੇਠ ਕੀਤਾ ਗਿਆ। ਇਸ ਕੁਸ਼ਤੀ ਦੰਗਲ ਵਿੱਚ ਪੰਜਾਬ ਸਮੇਤ ਵੱਖ-ਵੱਖ ਸੂਬਿਆਂ ਤੋਂ ਪਹੁੰਚੇ ਕਰੀਬ 106 ਨਾਮਵਰ ਪਹਿਲਵਾਨਾਂ ਨੇ ਆਪਣੀ ਤਾਕਤ ਅਤੇ ਖੇਡ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਇਸ ਮੌਕੇ ਹਲਕਾ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਕਿਹਾ ਕਿ ਛਿੰਝ ਮੇਲੇ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਦਾ ਅਨਿੱਖੜਵਾਂ ਅੰਗ ਹਨ। ਅਜਿਹੇ ਖੇਡ ਮੇਲੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਨਾਲ-ਨਾਲ ਸਰੀਰਕ ਤੰਦਰੁਸਤੀ ਅਤੇ ਖੇਡਾਂ ਪ੍ਰਤੀ ਉਤਸ਼ਾਹ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਕੁਸ਼ਤੀ ਦੰਗਲ ਦੀ ਸ਼ੁਰੂਆਤ ਮੁੱਖ ਸੇਵਾਦਾਰ ਬਾਬਾ ਅਜੈਬ ਸਿੰਘ ਫੱਕਰ ਵੱਲੋਂ ਕਰਵਾਈ ਗਈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਪੁਰਾਤਨ ਖੇਡ ਵਿਰਸੇ ਨੂੰ ਸੰਭਾਲਣ ਲਈ ਅਜਿਹੇ ਉਪਰਾਲੇ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ, ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਵੀ ਪੰਜਾਬ ਦੀਆਂ ਰਵਾਇਤੀ ਖੇਡਾਂ ਨਾਲ ਜੁੜੀਆਂ ਰਹਿਣ। ਇਸ ਮੌਕੇ ਉਨ੍ਹਾਂ ਨੇ ਪ੍ਰਬੰਧਕ ਕਮੇਟੀ ਨੂੰ 31000 ਦੀ ਆਰਥਿਕ ਸਹਾਇਤਾ ਪ੍ਰਦਾਨ ਕੀਤੀ

ਮੇਲੇ ਦਾ ਮੁੱਖ ਆਕਰਸ਼ਣ 10 ਝੰਡੀ ਦੀਆਂ ਕੁਸ਼ਤੀਆਂ ਰਹੀਆਂ, ਜਿਨ੍ਹਾਂ ਵਿੱਚ ਨਾਮਵਰ ਅਖਾੜਿਆਂ ਤੋਂ ਪਹੁੰਚੇ ਪਹਿਲਵਾਨਾਂ ਵਿਚਕਾਰ ਬੇਹੱਦ ਦਿਲਚਸਪ ਅਤੇ ਫਸਵੇਂ ਮੁਕਾਬਲੇ ਦੇਖਣ ਨੂੰ ਮਿਲੇ। ਮੁਕਾਬਲਿਆਂ ਦੌਰਾਨ ਜੌਂਟੀ ਗੁੱਜਰ ਦਿੱਲੀ ਨੇ ਰੋਹਿਤ ਲਾਡਪੁਰ ਹਰਿਆਣਾ ਨੂੰ ਚਿੱਤ ਕੀਤਾ। ਚੀਨੂ ਰਾਈਏਵਾਲ ਨੇ ਵਿਸ਼ਾਲ ਲਾਡਪੁਰ ਹਰਿਆਣਾ ਨੂੰ, ਹੰਦੀ ਈਰਾਨ ਨੇ ਸਾਹਿਲ ਕੋਹਾਲੀ ਨੂੰ, ਅਭਿਨਾਇਕ ਯੂ.ਪੀ. ਨੇ ਬਿੰਨਾ ਮੰਡੋਠੀ ਦਿੱਲੀ ਨੂੰ ਅਤੇ ਸ਼ੁਭਮ ਰਾਈਏਵਾਲ ਨੇ ਜਲਾਲ ਈਰਾਨ ਨੂੰ ਚਿੱਤ ਕਰਕੇ ਜਿੱਤ ਦਰਜ ਕੀਤੀ।

ਇਸੇ ਤਰ੍ਹਾਂ ਭੋਲਾ ਕਾਸ਼ਨੀ ਦਿੱਲੀ ਨੇ ਤਾਲਬ ਬਾਬਾ ਫਲਾਹੀ ਨੂੰ ਪੁਆਇੰਟਾਂ ਦੇ ਆਧਾਰ 'ਤੇ ਹਰਾਇਆ। ਕਮਲਜੀਤ ਡੂਮਛੇੜੀ ਅਤੇ ਸੰਜੇ ਰਾਈਏਵਾਲ ਵਿਚਕਾਰ ਮੁਕਾਬਲਾ ਬਰਾਬਰੀ 'ਤੇ ਰਿਹਾ। ਰੋਹਿਤ ਭੁੱਟਾ ਨੇ ਅੰਕਿਤ ਰੰਣੀ ਨੂੰ ਪੁਆਇੰਟਾਂ ਦੇ ਆਧਾਰ 'ਤੇ ਮਾਤ ਦਿੱਤੀ, ਜਦਕਿ ਸ਼ੀਪਾ ਰਾਈਏਵਾਲ ਨੇ ਸ਼ੇਰਾ ਲੱਲੀਆਂ ਨੂੰ ਚਿੱਤ ਕੀਤਾ।

ਜਤਿੰਦਰ ਪਥਰੇੜੀ ਅਤੇ ਵੱਡਾ ਜੱਸਾ ਬਾਹੜੋਵਾਲ ਦਾ ਮੁਕਾਬਲਾ ਵੀ ਬਰਾਬਰੀ 'ਤੇ ਰਿਹਾ। ਇਸ ਤੋਂ ਇਲਾਵਾ ਸੋਨੂੰ ਰਾਈਏਵਾਲ ਨੇ ਅਲੀ ਈਰਾਨ ਨੂੰ, ਵੰਸ਼ ਰਾਈਏਵਾਲ ਨੇ ਇਰਫਾਨ ਈਰਾਨ ਨੂੰ, ਸਾਕਿਬ ਰਾਈਏਵਾਲ ਨੇ ਰੇਜ਼ਾ ਈਰਾਨ ਨੂੰ, ਗਣੇਸ਼ ਮਾਮੂਪੁਰ ਨੇ ਤਾਜ ਰੌਣੀ ਨੂੰ ਅਤੇ ਸਲਮਾਨ ਲੱਲੀਆਂ ਨੇ ਜੱਸ ਮਾਮੂਪੁਰ ਨੂੰ ਚਿੱਤ ਕਰਕੇ ਜਿੱਤ ਹਾਸਲ ਕੀਤੀ।

ਇਸ ਮੌਕੇ ਕੁਸ਼ਤੀ ਮੁਕਾਬਲਿਆਂ ਵਿੱਚ ਜੇਤੂ ਪਹਿਲਵਾਨਾਂ ਨੂੰ 80 ਹਜ਼ਾਰ ਰੁਪਏ ਅਤੇ ਉਪ ਜੇਤੂ ਪਹਿਲਵਾਨਾਂ ਨੂੰ 70 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦਿੱਤੀ ਗਈ। ਸਮੁੱਚੇ ਦੰਗਲ ਦੌਰਾਨ ਪਹਿਲਵਾਨਾਂ ਨੂੰ ਕਰੀਬ 15 ਲੱਖ ਰੁਪਏ ਦੀ ਇਨਾਮੀ ਰਾਸ਼ੀ ਵੰਡੀ ਗਈ। ਮੁੱਖ ਸੇਵਾਦਾਰ ਬਾਬਾ ਅਜੈਬ ਸਿੰਘ ਫੱਕਰ ਵੱਲੋਂ ਜੇਤੂ ਪਹਿਲਵਾਨਾਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਸ਼ਰੀਰਦਾਨੀ ਅਤੇ ਅੱਖਾਂ ਦਾਨੀ ਸਵ. ਰੇਸ਼ਮਾ ਦੇਵੀ ਦੇ ਪਰਿਵਾਰ ਦਾ ਅਪੈਕਸ ਕਲੱਬ ਮਾਨਸਾ ਵੱਲੋਂ ਕੀਤਾ ਗਿਆ ਸਨਮਾਨ

ਮਾਨਸਾ, 17 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਸ਼੍ਰੀਮਤੀ ਰੇਸ਼ਮਾ ਦੇਵੀ ਪਤਨੀ ਸ਼੍ਰੀ ਸੱਤਪਾਲ ਕਾਂਸਲ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਵੱਲੋਂ ਇੱਕ ਮਹਾਨ ਸਮਾਜ ਸੇਵਾ ਦੀ ਮਿਸਾਲ ਪੇਸ਼ ਕਰਦਿਆਂ ਉਨ੍ਹਾਂ ਦੀ ਮ੍ਰਿਤਕ ਦੇਹ ਅਪੈਕਸ ਕਲੱਬ ਮਾਨਸਾ ਦੀ ਸ਼ਰੀਰਦਾਨ ਮੁਹਿੰਮ ਤਹਿਤ ਮੈਡੀਕਲ ਖੋਜਾਂ ਲਈ ਦਾਨ ਕੀਤੀ ਗਈ। ਇਸ ਮੌਕੇ ਉਨ੍ਹਾਂ ਦੀਆਂ ਅੱਖਾਂ ਵੀ ਸ਼ੰਕਰਾ ਆਈ ਬੈਂਕ ਲੁਧਿਆਣਾ ਦੀ ਟੀਮ ਰਾਹੀਂ ਦਾਨ ਕਰਵਾਈਆਂ ਗਈਆਂ, ਜਿਸ ਨਾਲ ਦੋ ਲੋੜਵੰਦ ਵਿਅਕਤੀਆਂ ਦੀ ਜ਼ਿੰਦਗੀ ਵਿੱਚ ਰੌਸ਼ਨੀ ਆਉਣ ਦਾ ਰਾਹ ਖੁੱਲ੍ਹਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਮੈਂਬਰ ਭੂਪੇਸ਼ ਜਿੰਦਲ ਨੇ ਦੱਸਿਆ ਕਿ ਐਡਵੋਕੇਟ ਦੀਪਕ ਕਾਂਸਲ ਦੇ ਮਾਤਾ ਜੀ ਸਵ. ਰੇਸ਼ਮਾ ਦੇਵੀ ਦੇ ਪਰਿਵਾਰ ਵੱਲੋਂ ਮੌਤ ਤੋਂ ਬਾਅਦ ਅੱਖਾਂ ਦਾਨ ਅਤੇ ਸ਼ਰੀਰਦਾਨ ਕਰਨ ਦਾ ਫੈਸਲਾ ਕਰਕੇ ਸਮਾਜ ਲਈ ਪ੍ਰੇਰਨਾਦਾਇਕ ਉਦਾਹਰਨ ਪੇਸ਼ ਕੀਤੀ ਗਈ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ ਦੇ ਅਨਾਟਮੀ ਵਿਭਾਗ ਨੂੰ ਮੈਡੀਕਲ ਸਿੱਖਿਆ ਅਤੇ ਖੋਜ ਕਾਰਜਾਂ ਲਈ ਸੌਂਪੀ ਗਈ।

ਅੱਜ ਮਾਤਾ ਰੇਸ਼ਮਾ ਦੇਵੀ ਨਮਿੱਤ ਰੱਖੀ ਗਈ ਅੰਤਿਮ ਅਰਦਾਸ ਮੌਕੇ ਅਪੈਕਸ ਕਲੱਬ ਮਾਨਸਾ ਵੱਲੋਂ ਪਰਿਵਾਰਕ ਮੈਂਬਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਲੋਕਾਂ ਨੂੰ ਅੱਖਾਂ ਦਾਨ ਅਤੇ ਸ਼ਰੀਰਦਾਨ ਲਈ ਜਾਗਰੂਕ ਕਰਦਿਆਂ ਕਲੱਬ ਦੇ ਪ੍ਰਧਾਨ ਸੰਜੀਵ ਪਿੰਕਾ ਨੇ ਕਿਹਾ ਕਿ ਮੌਤ ਤੋਂ ਬਾਅਦ ਛੇ ਘੰਟਿਆਂ ਦੇ ਅੰਦਰ ਅੱਖਾਂ ਦਾਨ ਦੀ ਪ੍ਰਕਿਰਿਆ ਪੂਰੀ ਕਰਵਾਉਣ ਲਈ ਆਈ ਬੈਂਕ

ਨਕਸਲਵਾਦ ਦੇ ਖ਼ਾਤਮੇ ਮਗਰੋਂ ਵਿਦਿਆਰਥਣ ਦੇ ਸੁਪਨਿਆਂ ਨੂੰ ਲੱਗੇ ਖੰਭ ! ਬਣੀ ਪਿੰਡ ਦੀ ਪਹਿਲੀ 10ਵੀਂ ਪਾਸ ਕੁੜੀ

ਕੌਮੀ ਪੜ੍ਹਿਕਾ

ਜਮੁਈ 17 ਨਵੰਬਰ। ਬਿਹਾਰ ਦੇ ਜਮੁਈ ਜ਼ਿਲ੍ਹੇ ਦੇ ਬਰਹਟ ਬਲਾਕ ਸਥਿਤ ਗੁਰਮਾਹਾ ਪਿੰਡ ਦੀ ਸਪਨਾ ਕੁਮਾਰੀ ਨੇ ਕਈ ਮੁਸ਼ਕਲ ਸਥਿਤੀਆਂ ਦੇ ਬਾਵਜੂਦ 10ਵੀਂ ਦੀ ਪ੍ਰੀਖਿਆ 'ਚ 81 ਫੀਸਦੀ ਅੰਕ ਪ੍ਰਾਪਤ ਕਰਕੇ ਆਪਣੇ ਪਿੰਡ ਦਾ ਮਾਣ ਵਧਾਇਆ ਹੈ ਅਤੇ ਇਹ ਉਪਲਬਧੀ ਹਾਸਲ ਕਰਨ ਵਾਲੀ ਉਹ ਪਿੰਡ ਦੀ ਪਹਿਲੀ ਧੀ ਬਣ ਗਈ ਹੈ। ਬਿਹਾਰ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਜਾਰੀ ਜਾਣਕਾਰੀ ਅਨੁਸਾਰ, ਨਕਸਲੀ ਹਿੰਸਾ 'ਚ ਸਕੂਲ ਦੀ ਇਮਾਰਤ ਦੇ ਤਬਾਹ ਹੋਣ ਕਾਰਨ ਆਪਣੀ ਪੜ੍ਹਾਈ 'ਚ ਵਿਘਨ ਪੈਣ ਦੇ ਬਾਵਜੂਦ ਸਪਨਾ ਨੇ ਬਿਹਾਰ ਓਪਨ ਸਕੂਲਿੰਗ ਅਤੇ ਪ੍ਰੀਖਿਆ ਬੋਰਡ (ਬੀਬੋਸ) ਰਾਹੀਂ ਆਪਣੀ ਸਿੱਖਿਆ ਪੂਰੀ ਕੀਤੀ, ਇਹ ਸਾਬਤ ਕਰ ਦਿੱਤਾ ਕਿ ਦ੍ਰਿੜ ਇੱਛਾ ਸ਼ਕਤੀ ਦੇ ਸਾਹਮਣੇ ਮੁਸ਼ਕਲਾਂ ਵੀ ਰੁਕਾਵਟ ਨਹੀਂ ਬਣ ਸਕਦੀਆਂ। ਗੁਰਮਾਹਾ ਪਿੰਡ 'ਚ ਨਕਸਲੀ ਹਿੰਸਾ ਕਾਰਨ ਸਕੂਲ ਦੀ ਇਮਾਰਤ ਪੂਰੀ ਤਰ੍ਹਾਂ ਨੁਕਸਾਨੀ ਗਈ ਸੀ। ਇਸ ਨਾਲ ਪਿੰਡ ਦੇ ਬੱਚਿਆਂ, ਖਾਸ ਕਰਕੇ ਕੁੜੀਆਂ ਦੀ ਪੜ੍ਹਾਈ ਪ੍ਰਭਾਵਿਤ ਹੋਈ ਅਤੇ ਉਨ੍ਹਾਂ ਦੇ ਸਾਹਮਣੇ ਆਪਣੀ ਸਿੱਖਿਆ ਜਾਰੀ ਰੱਖਣ ਦਾ



ਸੰਕਟ ਖੜ੍ਹਾ ਹੋ ਗਿਆ । ਅਜਿਹੀਆਂ ਚੁਣੌਤੀਪੂਰਨ ਸਥਿਤੀਆਂ ਦੇ ਬਾਵਜੂਦ, ਪਿੰਡ ਦੀਆਂ ਤਿੰਨ ਕੁੜੀਆਂ ਨੇ ਹਿੰਮਤ ਨਹੀਂ ਹਾਰੀ। ਉਨ੍ਹਾਂ ਨੇ ਬੀਬੋਸ 'ਚ ਦਾਖਲਾ ਲਿਆ ਅਤੇ ਆਪਣੀ ਅਧੂਰੀ ਪੜ੍ਹਾਈ ਦੁਬਾਰਾ ਸ਼ੁਰੂ ਕੀਤੀ। ਉਨ੍ਹਾਂ 'ਚੋਂ, ਸਪਨਾ ਕੁਮਾਰੀ ਨੇ ਨਾ ਸਿਰਫ਼ ਦਸਵੀਂ ਦੀ ਪ੍ਰੀਖਿਆ 'ਚ 81 ਫੀਸਦੀ ਅੰਕ ਪ੍ਰਾਪਤ ਕਰਕੇ ਆਪਣੀ ਪ੍ਰਤਿਭਾ ਨੂੰ ਸਾਬਤ ਕੀਤਾ, ਸਗੋਂ ਪਿੰਡ ਦੀਆਂ ਹੋਰ ਕੁੜੀਆਂ ਲਈ ਵੀ ਪ੍ਰੇਰਨਾ ਬਣ ਗਈ। ਬੀਬੋਸ ਨੇ ਸਪਨਾ ਵਰਗੀਆਂ ਕੁੜੀਆਂ ਅਤੇ ਨੌਜਵਾਨਾਂ ਨੂੰ ਸਿੱਖਿਆ ਦੀ ਮੁੱਖ ਧਾਰਾ ਨਾਲ ਜੁੜਨ ਦਾ ਮੌਕਾ ਉਪਲੱਬਧ ਕਰਵਾਇਆ, ਜਿਨ੍ਹਾਂ ਦੀ ਪੜ੍ਹਾਈ ਵੱਖ-ਵੱਖ ਕਾਰਨਾਂ ਕਰ ਕੇ ਪ੍ਰਭਾਵਿਤ ਹੋਈ ਸੀ। ਬਿਹਾਰ ਸਰਕਾਰ ਦੇ ਓਪਨ ਸਕੂਲਿੰਗ ਸਿੱਖਿਆ ਬੋਰਡ ਰਾਹੀਂ ਵਿਦਿਆਰਥੀ ਆਪਣੀ ਸਹੂਲਤ ਅਤੇ ਸਮਾਂ-ਸਾਰਣੀ ਅਨੁਸਾਰ ਪੜ੍ਹਾਈ ਕਰ ਸਕਦੇ ਹਨ ਅਤੇ 10ਵੀਂ ਤੇ 12ਵੀਂ ਜਮਾਤ ਦੀਆਂ ਪ੍ਰੀਖਿਆਵਾਂ ਦੇ ਸਕਦੇ ਹਨ। ਇਹ ਪ੍ਰਣਾਲੀ ਉਨ੍ਹਾਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਸਾਬਤ ਹੋ ਰਹੀ ਹੈ ਜੋ ਨਿਯਮਿਤ ਸਕੂਲ ਜਾ ਕੇ ਸਿੱਖਿਆ ਹਾਸਲ ਕਰਨ 'ਚ ਅਸਮਰੱਥ ਹਨ। ਉਪਲਬਧ ਅੰਕੜਿਆਂ ਅਨੁਸਾਰ, ਹੁਣ ਤੱਕ 185,987 ਤੋਂ ਵੱਧ ਵਿਦਿਆਰਥੀਆਂ ਨੇ ਬੀਬੋਸ ਰਾਹੀਂ ਪ੍ਰੀਖਿਆ ਦਿੱਤੀ ਹੈ। ਇਹ ਗਿਣਤੀ ਓਪਨ ਸਕੂਲਿੰਗ ਪ੍ਰਣਾਲੀ ਦੇ ਵਧਦੇ ਵਿਸ਼ਵਾਸ ਅਤੇ ਉਪਯੋਗਤਾ ਨੂੰ ਦਰਸਾਉਂਦੀ ਹੈ। ਬੀਬੋਸ ਉਨ੍ਹਾਂ ਲੋਕਾਂ ਨੂੰ ਆਪਣੀਆਂ ਵਿਦਿਅਕ ਯੋਗਤਾਵਾਂ ਨੂੰ ਪੂਰਾ ਕਰਨ ਦਾ ਮੌਕਾ ਪ੍ਰਦਾਨ ਕਰ ਰਿਹਾ ਹੈ ਜਿਨ੍ਹਾਂ ਦੇ ਸੁਪਨੇ ਕਿਸੇ ਕਾਰਨ ਕਰਕੇ ਅਧੂਰੇ ਰਹਿ ਗਏ ਸਨ। ਸਪਨਾ ਦੀ ਸਫਲਤਾ ਇਸ ਗੱਲ ਦੀ ਉਦਾਹਰਣ ਦਿੰਦੀ ਹੈ ਕਿ ਸਿੱਖਿਆ ਦੇ ਰਾਹ 'ਚ ਹਾਲਾਤ ਕਿੰਨੇ ਵੀ ਮਾੜੇ ਕਿਉਂ ਨਾ ਹੋਣ, ਇੱਛਾ ਸ਼ਕਤੀ ਅਤੇ ਸਹੀ ਮੌਕੇ ਨਾਲ ਕੋਈ ਵੀ ਆਪਣੇ ਟੀਚਿਆਂ ਨੂੰ ਪ੍ਰਾਪਤ ਕਰ ਸਕਦਾ ਹੈ। ਗੁਰਮਾਹਾ ਦੀ ਇਸ ਧੀ ਨੇ ਆਪਣੀ ਪ੍ਰਾਪਤੀ ਨਾਲ ਨਾ ਸਿਰਫ਼ ਪਿੰਡ ਦਾ ਮਾਣ ਵਧਾਇਆ ਹੈ, ਸਗੋਂ ਇਹ ਸੁਨੇਹਾ ਵੀ ਦਿੱਤਾ ਹੈ ਕਿ ਸਕੂਲ ਦੀ ਇਮਾਰਤ ਟੁੱਟ ਸਕਦੀ ਹੈ ਪਰ ਸਿੱਖਿਆ ਹਾਸਲ ਕਰਨ ਦਾ ਸੰਕਲਪ ਨਹੀਂ।

ਪੈਨਸ਼ਨਧਾਰਕਾਂ ਲਈ ਵੱਡੀ ਖ਼ੁਸ਼ਖ਼ਬਰੀ ! 1.09 ਕਰੋੜ ਲੋਕਾਂ ਦੇ ਖਾਤਿਆਂ 'ਚ ਪਹੁੰਚੇ 1100 ਰੁਪਏ

ਕੌਮੀ ਪੜ੍ਹਿਕਾ

ਪਟਨਾ 17 ਨਵੰਬਰ। ਲੋਕ ਆਸਥਾ ਦੇ ਮਹਾਪਰਵ ਛੱਠ ਪੂਜਾ ਤੋਂ ਠੀਕ ਪਹਿਲਾਂ ਬਿਹਾਰ ਸਰਕਾਰ ਨੇ ਸੂਬੇ ਦੇ ਬਜ਼ੁਰਗਾਂ, ਦਿਵਿਆਂਗ ਵਿਅਕਤੀਆਂ ਅਤੇ ਵਿਧਵਾ ਔਰਤਾਂ ਨੂੰ ਵੱਡੀ ਆਰਥਿਕ ਰਾਹਤ ਦਿੱਤੀ ਹੈ। ਮੁੱਖ ਮੰਤਰੀ ਸਮਰਾਟ ਚੌਧਰੀ ਨੇ ਮੰਗਲਵਾਰ ਨੂੰ ਮੁੱਖ ਮੰਤਰੀ ਸਕੱਤਰੇਤ ਸਥਿਤ 'ਸੰਵਾਦ' ਵਿੱਚ ਕਰਵਾਏ ਗਏ ਪ੍ਰੋਗਰਾਮ ਦੌਰਾਨ 1 ਕਰੋੜ 9 ਲੱਖ 62 ਹਜ਼ਾਰ 859 ਸਮਾਜਿਕ ਸੁਰੱਖਿਆ ਪੈਨਸ਼ਨਧਾਰਕਾਂ ਦੇ ਖਾਤਿਆਂ ਵਿੱਚ ਡੀਬੀਟੀ ਰਾਹੀਂ ਪੈਨਸ਼ਨ ਦੀ ਰਕਮ ਸਿੱਧੀ ਟਰਾਂਸਫਰ ਕੀਤੀ। ਸਰਕਾਰ ਨੇ ਤਿਉਹਾਰ ਦੀਆਂ ਖੁਸ਼ੀਆਂ ਦੁੱਗਣੀਆਂ ਕਰਨ ਲਈ ਪ੍ਰਤੀ ਲਾਭਪਾਤਰੀ 1,100 ਰੁਪਏ ਦੇ ਹਿਸਾਬ ਨਾਲ ਕੁੱਲ 1,205 ਕਰੋੜ 91 ਲੱਖ 44 ਹਜ਼ਾਰ 900 ਰੁਪਏ ਦੀ ਵੱਡੀ ਰਕਮ ਜਾਰੀ ਕੀਤੀ ਹੈ। ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਐਲਾਨ ਕੀਤਾ ਕਿ ਹੁਣ ਤੋਂ ਹਰ ਮਹੀਨੇ ਦੀ 10 ਤਾਰੀਖ ਨੂੰ 'ਬਿਹਾਰ ਪੈਨਸ ਦਿਵਸ' ਵਜੋਂ ਮਨਾਇਆ ਜਾਵੇਗਾ। ਉਨ੍ਹਾਂ ਨੇ ਸਾਰੇ ਪੈਨਸ਼ਨਧਾਰਕਾਂ ਨੂੰ



ਵਧਾਈ ਦਿੱਤੀ ਅਤੇ ਛੱਠ ਮਹਾਪਰਵ ਦੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਮੁੱਖ ਮੰਤਰੀ ਨੇ ਕਿਹਾ ਕਿ ਸਮਾਜਿਕ ਸੁਰੱਖਿਆ ਪੈਨਸ਼ਨ ਯੋਜਨਾ ਸਿਰਫ਼ ਆਰਥਿਕ ਸਹਾਇਤਾ ਦਾ ਪ੍ਰੋਗਰਾਮ ਨਹੀਂ ਹੈ, ਸਗੋਂ ਇਹ ਸਮਾਜਿਕ ਨਿਆਂ, ਮਨੁੱਖੀ ਸੰਵੇਦਨਾ ਅਤੇ ਸੁਸ਼ਾਸਨ ਪ੍ਰਤੀ ਸਰਕਾਰ ਦੀ ਅਟੁੱਟ ਵਚਨਬੱਧਤਾ ਦਾ ਪ੍ਰਤੀਕ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸਾਬਕਾ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਅਗਵਾਈ ਅਤੇ ਮਾਰਗਦਰਸ਼ਨ ਹੇਠ ਸਮਾਜਿਕ ਸੁਰੱਖਿਆ ਪੈਨਸ਼ਨ ਦੀ ਰਕਮ 400 ਰੁਪਏ ਤੋਂ ਵਧਾ ਕੇ 1,100 ਰੁਪਏ ਪ੍ਰਤੀ ਮਹੀਨਾ ਕਰਨ ਦਾ ਇਤਿਹਾਸਕ ਫੈਸਲਾ ਲਿਆ ਗਿਆ ਹੈ, ਤਾਂ ਜੋ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਨਮਾਨਜਨਕ ਜੀਵਨ ਮਿਲ ਸਕੇ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੱਤੇ ਕਿ ਵਿਸ਼ੇਸ਼ ਮੁਹਿੰਮ ਚਲਾ ਕੇ ਯੋਜਨਾ ਤੋਂ ਵਾਂਝੇ ਰਹਿ ਗਏ ਯੋਗ ਵਿਅਕਤੀਆਂ ਨੂੰ ਵੀ ਇਸ ਨਾਲ ਜੋੜਿਆ ਜਾਵੇ। ਸਰਕਾਰੀ ਯਤਨਾਂ ਸਦਕਾ ਪਿਛਲੇ ਇੱਕ ਮਹੀਨੇ ਦੌਰਾਨ ਹੀ 1,36,854 ਨਵੇਂ ਪੈਨਸ਼ਨਧਾਰਕ ਇਸ ਭਲਾਈ ਯੋਜਨਾ ਨਾਲ ਜੁੜੇ ਹਨ। ਇਸ ਡਿਜੀਟਲ ਟਰਾਂਸਫਰ ਪ੍ਰੋਗਰਾਮ ਦੌਰਾਨ ਮਹਿਲਾ ਅਤੇ ਬਾਲ ਵਿਕਾਸ ਨਿਗਮ ਦੀ ਪ੍ਰਬੰਧ ਨਿਰਦੇਸ਼ਕ ਇਨਾਇਤ ਖਾਨ ਨੇ ਯੋਜਨਾ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਮੌਕੇ ਬਿਹਾਰ ਪੈਨਸ਼ਨ ਦਿਵਸ 'ਤੇ ਆਧਾਰਿਤ ਇੱਕ ਲਘੂ ਫ਼?ਲਮ ਵੀ ਦਿਖਾਈ ਗਈ। ਇਸ ਮੌਕੇ ਉਪ ਮੁੱਖ ਮੰਤਰੀ ਵਿਜੇ ਕੁਮਾਰ ਚੌਧਰੀ ਅਤੇ ਬਿਜੇਂਦਰ ਪ੍ਰਸਾਦ ਯਾਦਵ, ਸਮਾਜ ਭਲਾਈ ਮੰਤਰੀ ਡਾ. ਸ਼ਵੇਤਾ ਗੁਪਤਾ, ਮੁੱਖ ਸਕੱਤਰ ਪ੍ਰਤਿਆ ਅੰਮ੍ਰਿਤ, ਪੁਲਿਸ ਡਾਇਰੈਕਟਰ ਜਨਰਲ ਪ੍ਰੀਤਾ ਵਰਮਾ ਸਮੇਤ ਕਈ ਸੀਨੀਅਰ ਅਧਿਕਾਰੀ ਮੌਜੂਦ ਰਹੇ।

ਬਾਲ ਸ਼ੋਸ਼ਣ, ਜਬਰ-ਜ਼ਿਨਾਹ ਦੇ ਮਾਮਲਿਆਂ ਨਾਲ ਨਜਿੱਠਣ ਲਈ 850 ਅਦਾਲਤਾਂ ਦੇ ਵਿਸਥਾਰ ਨੂੰ ਸਰਕਾਰ ਦੀ ਮਨਜ਼ੂਰੀ

ਕੌਮੀ ਪੜ੍ਹਿਕਾ

ਨਵੀਂ ਦਿੱਲੀ 17 ਨਵੰਬਰ। ਕੇਂਦਰੀ ਮੰਤਰੀ ਮੰਡਲ ਨੇ ਬੁੱਧਵਾਰ ਨੂੰ ਬਾਲ ਸ਼ੋਸ਼ਣ ਅਤੇ ਜਬਰ-ਜ਼ਿਨਾਹ ਦੇ ਮਾਮਲਿਆਂ ਨਾਲ ਨਜਿੱਠਣ ਲਈ 'ਫਾਸਟ ਟਰੈਕ ਵਿਸ਼ੇਸ਼ ਅਦਾਲਤਾਂ' ਨੂੰ ਮਜ਼ਬੂਤ ??ਕਰਨ ਲਈ ਇੱਕ ਕੇਂਦਰੀ ਯੋਜਨਾ ਨੂੰ ਜਾਰੀ ਰੱਖਣ ਨੂੰ ਮਨਜ਼ੂਰੀ ਦੇ ਦਿੱਤੀ। ਨਾਲ ਹੀ ਉਨ੍ਹਾਂ ਦੀ ਗਿਣਤੀ 779 ਤੋਂ ਵਧਾ ਕੇ 850 ਕਰਨ ਦਾ ਵੀ ਫੈਸਲਾ ਕੀਤਾ। ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ 2 ਅਕਤੂਬਰ, 2019 ਨੂੰ ਸ਼ੁਰੂ ਕੀਤੀ ਗਈ ਇਹ ਯੋਜਨਾ ਵਰਤਮਾਨ ਵਿੱਚ 29 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਲਾਗੂ ਹੈ। ਇਸ ਯੋਜਨਾ ਦੀ ਸ਼ੁਰੂਆਤ ਤੋਂ ਬਾਅਦ, ਇਨ੍ਹਾਂ ਵਿਸ਼ੇਸ਼ ਅਦਾਲਤਾਂ ਨੇ ਬੱਚਿਆਂ ਦੇ ਜਿਨਸੀ ਅਪਰਾਧਾਂ ਤੋਂ ਸੁਰੱਖਿਆ ਐਕਟ, 2012 ਦੇ ਤਹਿਤ ਜ਼ਬਰ-ਜ਼ਿਨਾਹ ਅਤੇ ਅਪਰਾਧਾਂ ਨਾਲ ਸਬੰਧਤ 4.02 ਲੱਖ ਤੋਂ ਵੱਧ ਮਾਮਲਿਆਂ ਦਾ ਨਿਪਟਾਰਾ ਕੀਤਾ ਹੈ। ਇਸ ਯੋਜਨਾ ਨੂੰ ਹੁਣ ਪੰਜ ਸਾਲਾਂ ਦੀ ਮਿਆਦ ਲਈ ਮਾਰਚ 2031 ਤੱਕ ਵਧਾ ਦਿੱਤਾ ਗਿਆ



ਹੈ। ਕੈਬਨਿਟ ਦੇ ਫੈਸਲਿਆਂ ਬਾਰੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ ਕਿ ਮੋਦੀ ਸਰਕਾਰ ਔਰਤਾਂ ਅਤੇ ਬੱਚਿਆਂ ਵਿਰੁੱਧ ਅੱਤਿਆਚਾਰਾਂ ਦੇ ਮਾਮਲਿਆਂ ਨੂੰ ਸਖ਼ਤੀ ਨਾਲ ਨਜਿੱਠਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਮੌਜੂਦਾ ਕਾਨੂੰਨਾਂ ਦੀ ਪੂਰੀ ਵਰਤੋਂ ਅਤੇ ਲਾਗੂ ਕਰਨ ਅਤੇ ਅਜਿਹੇ ਮਾਮਲਿਆਂ ਨਾਲ ਨਜਿੱਠਣ ਲਈ ਨਵੇਂ ਕਾਨੂੰਨ ਬਣਾਉਣ ਦੇ ਯਤਨਾਂ ਦਾ ਹਿੱਸਾ ਹੈ। ਇੱਕ ਅਧਿਕਾਰਤ ਬਿਆਨ ਮੁਤਾਬਕ, ਜ਼ਬਰ-ਜ਼ਿਨਾਹ ਅਤੇ ਪੋਕਸੋ ਮਾਮਲਿਆਂ ਵਿੱਚ ਸੁਣਵਾਈ ਨੂੰ ਯਕੀਨੀ ਬਣਾਉਣ ਲਈ ਇਹ ਯੋਜਨਾ ?3,788.04 ਕਰੋੜ ਦੇ ਕੁੱਲ ਖਰਚ ਨਾਲ ਲਾਗੂ ਕੀਤੀ ਜਾਵੇਗੀ। ਕੇਸਾਂ ਦੇ ਨਿਪਟਾਰੇ ਵਿੱਚ ਕੁਸ਼ਲਤਾ ਵਧਾਉਣ ਲਈ ਹਰੇਕ ਅਦਾਲਤ ਵਿੱਚ ਇੱਕ ਸਮਰਪਿਤ ਨਿਆਂਇਕ ਅਧਿਕਾਰੀ, ਇੱਕ ਵਿਸ਼ੇਸ਼ ਸਰਕਾਰੀ ਵਕੀਲ ਅਤੇ ਛੇ ਸਹਾਇਕ ਸਟਾਫ ਤਾਇਨਾਤ ਕੀਤੇ ਜਾਣਗੇ। ਇਸ ਵਿਸਥਾਰ ਦੇ ਤਹਿਤ ਭਾਗ ਲੈਣ ਵਾਲੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਫਾਸਟ ਟਰੈਕ ਵਿਸ਼ੇਸ਼ ਅਦਾਲਤਾਂ ਦੀ ਗਿਣਤੀ 779 ਤੋਂ ਵਧ ਕੇ 850 ਹੋ ਜਾਵੇਗੀ। ਕੇਂਦਰ ਸਰਕਾਰ ਨਿਰਭਯਾ ਫੰਡ ਰਾਹੀਂ ?2,353.15 ਕਰੋੜ ਪ੍ਰਦਾਨ ਕਰੇਗੀ, ਜਦੋਂ ਕਿ ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ?1,434.89 ਕਰੋੜ ਪ੍ਰਦਾਨ ਕਰਨਗੇ। ਇਸਦਾ ਉਦੇਸ਼ ਕਮਜ਼ੋਰ ਗਵਾਹਾਂ ਲਈ ਗਵਾਹੀ ਕੇਂਦਰਾਂ ਅਤੇ ਬਾਲ-ਅਨੁਕੂਲ ਅਦਾਲਤੀ ਸਹੂਲਤਾਂ ਰਾਹੀਂ ਪੀੜਤ-ਅਨੁਕੂਲ ਨਿਆਂਇਕ ਵਾਤਾਵਰਣ ਬਣਾਉਣਾ ਹੈ, ਤਾਂ ਜੋ ਪੀੜਤਾਂ ਨੂੰ ਸਨਮਾਨ ਅਤੇ ਘੱਟੋ-ਘੱਟ ਸਦਮੇ ਨਾਲ ਗਵਾਹੀ ਦੇਣ ਵਿੱਚ ਮਦਦ ਮਿਲ ਸਕੇ।

ਗਿਲਾਸ ਹੇਠਾਂ ਬੰਬ ਰੱਖ ਕੇ ਚਲਾ ਰਿਹਾ ਸੀ ਮੁੰਡਾ ! ਇੰਝ ਹੋਈ ਦਰਦਨਾਕ ਮੌਤ

ਕੋਟਾ 17 ਨਵੰਬਰ। ਰਾਜਸਥਾਨ ਦੇ ਬੂੰਦੀ ਜ਼ਿਲ੍ਹੇ 'ਚ ਉਲਟੇ ਸਟੀਲ ਦੇ ਗਿਲਾਸ ਦੇ ਅੰਦਰ ਪਟਾਕਾ (ਸੁਤਲੀ ਬੰਬ) ਚਲਾਉਂਦੇ ਸਮੇਂ ਹੋਏ ਧਮਾਕੇ 'ਚ 12 ਸਾਲਾ ਮੁੰਡੇ ਦੀ ਮੌਤ ਹੋ ਗਈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਧਮਾਕਾ ਇੰਨਾ ਤੇਜ਼ ਸੀ ਕਿ ਸਟੀਲ ਦਾ ਗਿਲਾਸ ਛੋਟੇ-ਛੋਟੇ ਟੁਕੜਿਆਂ 'ਚ ਟੁੱਟ ਗਿਆ। ਇਹ ਟੁਕੜੇ ਬੱਚੇ ਦੀ ਛਾਤੀ 'ਚ ਧੱਸ ਗਏ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਕੇ ਖੂਨ ਨਾਲ ਲੱਥਪੱਥ ਹਾਲਾਤ 'ਚ ਡਿੱਗ ਗਿਆ। ਇਹ ਘਟਨਾ ਦੀਵਾਲੀ ਤੋਂ ਅਗਲੇ ਦਿਨ ਸੋਮਵਾਰ ਦੁਪਹਿਰ 1 ਵਜੇ ਦੇ ਕਰੀਬ ਵਾਪਰੀ। ਬੂੰਦੀ ਸਦਰ ਥਾਣਾ ਖੇਤਰ 'ਚ ਮੰਡੀ ਰੋਡ 'ਤੇ ਨਾਨਕਪੁਰੀਆ ਚੌਰਾਹੇ ਦੇ ਨੇੜੇ ਬੱਚੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਦੇ ਅਨੁਸਾਰ, ਮ੍ਰਿਤਕ ਦੀ ਪਛਾਣ ਸਾਜਨ ਵਜੋਂ ਹੋਈ ਹੈ। ਉਹ ਬੂੰਦੀ ਦੇ ਇਕ ਕਾਲਬੇਲੀਆ ਪਰਿਵਾਰ ਨਾਲ ਸਬੰਧਤ ਸੀ ਅਤੇ ਆਪਣੇ ਘਰ ਦੇ ਬਾਹਰ ਇਕੱਲਾ ਪਟਾਕੇ ਚਲਾ ਰਿਹਾ ਸੀ। ਪਰਿਵਾਰ ਦੇ ਬਾਕੀ ਮੈਂਬਰ ਘਰ ਦੇ ਅੰਦਰ ਗੋਵਰਧਨ ਪੂਜਾ ਦੀ ਤਿਆਰੀ 'ਚ ਰੁਝਿਆ ਹੋਇਆ ਸੀ। ਘਟਨਾ ਦੀ ਜਾਣਕਾਰੀ ਮਿਲਦੇ ਹੀ, ਕੋਤਵਾਲੀ ਪੁਲਸ ਸਟੇਸ਼ਨ ਦੇ ਇੰਚਾਰਜ ਰਮੇਸ਼ ਆਰੀਆ ਅਤੇ ਸਦਰ ਥਾਣੇ ਦੇ ਪੁਲਸ ਕਰਮਚਾਰੀ ਹਸਪਤਾਲ ਪਹੁੰਚੇ। ਬੂੰਦੀ ਨਗਰ ਕੌਂਸਲ ਦੇ ਪ੍ਰਧਾਨ ਭਰਤ ਸ਼ਰਮਾ ਨੇ ਵੀ ਹਸਪਤਾਲ ਪਹੁੰਚ ਕੇ ਦੁੱਖ ਪ੍ਰਗਟ ਕੀਤਾ ਅਤੇ ਪੀੜਤ ਪਰਿਵਾਰ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ।

ਦੇਹਰਾਦੂਨ 'ਚ ਖੂਨੀ ਬਣਿਆ ਸ਼ਰਾਬੀ ਪੁੱਤ, ਤੇਜ਼ਧਾਰ ਹਥਿਆਰ ਨਾਲ ਕਰ 'ਤਾ ਪਿਤਾ ਦਾ ਕਤਲ

ਦੇਹਰਾਦੂਨ 17 ਨਵੰਬਰ। ਦੇਹਰਾਦੂਨ ਦੇ ਰਾਜਪੁਰ ਇਲਾਕੇ ਵਿੱਚ ਇੱਕ ਸ਼ਰਾਬੀ ਵਿਅਕਤੀ ਨੇ ਪਰਿਵਾਰਕ ਝਗੜੇ ਦੌਰਾਨ ਆਪਣੇ ਪਿਤਾ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਕਥਿਤ ਤੌਰ 'ਤੇ ਉਸ ਦਾ ਕਤਲ ਕਰ ਦਿੱਤਾ। ਪੁਲਸ ਨੇ ਮੰਗਲਵਾਰ ਨੂੰ ਇਸ ਦੀ ਜਾਣਕਾਰੀ ਦਿੱਤੀ। ਪੁਲਸ ਅਨੁਸਾਰ, ਦੋਸ਼ੀ ਨਿਤਿਨ ਰਾਣਾ (35) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੇਹਰਾਦੂਨ ਦੇ ਪੁਲਸ ਸੁਪਰਡੈਂਟ (ਸ਼ਹਿਰ) ਸ਼ੇਖਰ ਸੁਆਲ ਨੇ ਦੱਸਿਆ ਕਿ ਸੋਮਵਾਰ ਦੇਰ ਸ਼ਾਮ ਸਹਸਤਰਧਾਰਾ ਰੋਡ ਦੇ ਚਲੰਗ ਕੁਲਹਾਨ ਖੇਤਰ ਵਿੱਚ ਵਾਪਰੀ ਇਸ ਘਟਨਾ ਦੀ ਸੂਚਨਾ ਮਿਲਣ 'ਤੇ ਪੁਲਸ ਮੌਕੇ 'ਤੇ ਪਹੁੰਚ ਗਈ। ਪੁਲਸ ਨੇ ਹਮਲੇ ਕਾਰਨ ਗੰਭੀਰ ਰੂਪ ਵਿਚ ਜ਼ਖਮੀ ਮਦਨ ਰਾਣਾ (62) ਨੂੰ ਤੁਰੰਤ ਸਰਕਾਰੀ ਕੋਰੋਨੇਸ਼ਨ ਹਸਪਤਾਲ ਪਹੁੰਚਾਇਆ। ਇਲਾਜ ਦੌਰਾਨ ਹਸਪਤਾਲ ਦੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਸੁਆਲ ਨੇ ਦੱਸਿਆ ਕਿ ਫੋਰੈਂਸਿਕ ਸਾਇੰਸ ਲੈਬਾਰਟਰੀ ਦੀ ਇੱਕ ਟੀਮ ਨੂੰ ਸਬੂਤ ਇਕੱਠੇ ਕਰਨ ਲਈ ਮੌਕੇ 'ਤੇ ਬੁਲਾਇਆ ਗਿਆ ਅਤੇ ਦੋਸ਼ੀ ਨਿਤਿਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁੱਛਗਿੱਛ ਦੌਰਾਨ ਦੋਸ਼ੀ ਨੇ ਖੁਲਾਸਾ ਕੀਤਾ ਕਿ ਉਹ ਨਸ਼ੇ ਦਾ ਆਦੀ ਸੀ ਅਤੇ ਉਸਦਾ ਆਪਣੇ ਪਰਿਵਾਰ ਨਾਲ ਝਗੜਾ ਸੀ। ਪੁੱਛਗਿੱਛ ਦੌਰਾਨ ਦੋਸ਼ੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹ ਨਸ਼ੇ ਦਾ ਆਦੀ ਸੀ ਅਤੇ ਉਸਦਾ ਆਪਣੇ ਪਰਿਵਾਰ ਨਾਲ ਝਗ